
T-11

ਜੈ ਗੁਰੂਦੇਵ! ਧੰਨ ਗੁਰੂਦੇਵ!!

**ਚੌਦਹ ਸੌ ਤੈਤੀਸ ਕੋ ਮਾਘ ਸੁਦੀ ਪੰਦ੍ਰਾਸ॥**
**ਦੁਖੀਓਂ ਕੇ ਕਲਿਆਨ ਹਿਤ ਪ੍ਰਗਟੇ ਸ੍ਰੀ ਰਵਿਦਾਸ॥**

—ਸੰਤ ਕਰਮਦਾਸ ਜੀ



ਟ੍ਰੈਕਟ ਨੰ: 11

# ਗੁਰੂ ਮਿਲਿਆ ਰੈਦਾਸ॥

ਪਹਿਲੀ ਵਾਰ—6000 ਫਰਵਰੀ—2004

ਪ੍ਰਕਾਸ਼ਕ :

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ)**

*ਹੈੱਡ-ਆਫਿਸ* : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4

*ਸਬ-ਆਫਿਸ* : ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144 201

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

ੴ ਸਤਿਗੁਰ ਪ੍ਰਸਾਦਿ ॥

# ਆਰਤੀ

## ਸ੍ਰੀ ਗੁਰੂ ਰਵਿਦਾਸ ਜੀ ਕੀ ॥

### ਰਾਗ ਧਨਾਸਰੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥ ਨਾਮੁ ਤੇਰੋ ਤਾਗਾ ਨਾਮੁ ਫੂਲਮਾਲਾ ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥ ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮ ਹੈ ਹਰਿ ਭੋਗ ਤੁਹਾਰੇ ॥ ੪ ॥ ੩ ॥ (ਪੰਨਾ ੬੯੪)

**ਸ਼ਬਦ ਦੇ ਭਾਵ ਅਰਥ :** ਸ੍ਰੀ ਗੁਰੂ ਰਵਿਦਾਸ ਜੀ ਇਸ ਸ਼ਬਦ ਵਿਚ ਫੁਰਮਾਉਂਦੇ ਹਨ ਕਿ ਹੇ ਪ੍ਰਮਾਤਮਾ! ਤੇਰੀ ਸੱਚੀ ਆਰਤੀ ਤੇਰੇ ਨਾਮ ਸਿਮਰਨ ਵਿਚ ਹੈ। ਨਾਮ ਜਪਣ ਨਾਲ ਹੀ ਆਪ ਜੀ ਦਾ ਇਸ਼ਨਾਨ ਹੋ ਜਾਂਦਾ ਹੈ। ਆਪ ਦਾ ਨਾਮ ਜਪਣ ਤੋਂ ਬਿਨਾਂ ਸੰਸਾਰ ਦੇ ਸਾਰੇ ਖਲਾਰੇ ਝੂਠੇ ਹਨ। ਆਪ ਜੀ ਦਾ ਨਾਮ ਜਪਣਾ ਹੀ ਨਾਮ ਜਪਣ ਲਈ ਆਸਣ ਲਗਾਉਣ ਦੇ ਬਰਾਬਰ ਹੈ। ਆਪ ਜੀ ਦਾ ਨਾਮ ਜਪਣਾ ਹੀ ਚੰਦਨ ਰਗੜਨ ਵਾਲਾ ਉਰਸਾ ਅਤੇ ਕੇਸਰ ਛਿੜਕਣ ਦੇ ਬਰਾਬਰ ਹੈ। ਆਪ ਜੀ ਦਾ ਨਾਮ ਸਿਮਰਣਾ ਹੀ ਪਾਣੀ ਹੈ, ਆਪ ਜੀ ਦਾ ਨਾਮ ਹੀ ਚੰਦਨ ਅਤੇ ਚੰਦਨ ਘਸਾ ਕੇ ਆਪ ਨੂੰ ਚੜ੍ਹਾਉਣਾ ਹੈ। ਨਾਮ ਰੂਪੀ ਦੀਵੇ ਵਿਚ ਹੀ ਨਾਮ ਰੂਪੀ ਬੱਤੀ ਹੈ ਅਤੇ ਆਪ ਦਾ ਨਾਮ ਹੀ ਇਸ ਦੀਵੇ ਵਿਚ ਤੇਲ ਹੈ। ਆਪ ਦੇ ਨਾਮ ਦੀ ਜੋਤ ਜਗਾਈ ਹੈ ਜਿਸ ਨਾਲ ਸੰਸਾਰ ਰੂਪੀ ਭਵਨਾਂ ਵਿਚ ਪ੍ਰਕਾਸ਼ ਹੋ ਰਿਹਾ ਹੈ। ਆਪ ਜੀ ਦਾ ਨਾਮ ਹੀ ਧਾਗਾ ਅਤੇ ਆਪ ਦਾ ਨਾਮ ਹੀ ਫੂਲ ਮਾਲਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਬਨਸਪਤੀ ਦੇ ਅਠਾਰਾਂ ਭਾਰ ਅਪਵਿੱਤਰ ਹਨ। ਮੈਂ ਆਪ ਜੀ ਦੀ ਪੈਦਾ ਕੀਤੀ ਸ੍ਰਿਸ਼ਟੀ ਵਿਚੋਂ ਕੀ ਅਰਪਿਤ ਕਰ ਸਕਦਾ ਹਾਂ। ਆਪ ਜੀ ਦੇ ਨਾਮ ਜਪਣ ਨਾਲ ਹੀ ਤੁਹਾਨੂੰ ਚੌਰ ਝੁਲਾਉਣ ਦੇ ਬਰਾਬਰ ਹੈ। ਅਠਾਰਾਂ ਪੁਰਾਣਾਂ, ਅਠਾਹਠ ਤੀਰਥਾਂ, ਚਾਰੇ ਖਾਣੀਆਂ ਵਿਚ ਹੀ ਸੰਸਾਰ ਆਪ ਦੇ ਨਾਮ ਤੋਂ ਬਿਨਾਂ ਵਿਚਰ ਰਿਹਾ ਹੈ। ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਦੀ ਸੱਚੀ ਆਰਤੀ ਹੈ। ਸਤਿਨਾਮ ਦਾ ਸਿਮਰਨ ਕਰਨਾ ਹੀ ਆਪ ਨੂੰ ਭੋਗ ਲਗਾਉਣ ਦੇ ਬਰਾਬਰ ਹੈ।

# ਤੁਸੀਂ ਭਰੋ ਹੁੰਗਾਰਾ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ) ਵਲੋਂ ਫਰਵਰੀ 2003 ਵਿਚ ਟ੍ਰੈਕਟ ਨੰ: 10 ਦੀ 6000 ਕਾਪੀ ਛਾਪ ਕੇ ਵੰਡੀ ਗਈ। ਇਸ ਟ੍ਰੈਕਟ ਨੂੰ ਪੜ੍ਹ ਕੇ ਅੱਜ ਤੱਕ ਸਾਨੂੰ ਚਿੱਠੀਆਂ ਅਤੇ ਟੈਲੀਫੋਨ ਮਿਲ ਰਹੇ ਹਨ। ਹੁੰਗਾਰਾ ਮਿਲਣ ਕਾਰਨ ਸਾਡਾ ਹੌਸਲਾ ਬੁਲੰਦ ਹੋਇਆ ਹੈ ਅਤੇ ਹੋਰ ਚੰਗੀ ਤਰ੍ਹਾਂ ਸੇਵਾ ਕਰਨ ਦਾ ਮਨ ਬਣਿਆ ਹੈ। ਸਾਡਾ ਹੌਸਲਾ ਅਫਜ਼ਾਈ ਕਰਨ ਵਾਲਿਆਂ ਵਿਚ ਸਰਵਸ੍ਰੀ ਮੁਲਖ ਰਾਜ ਜੱਖੂ ਢੇਸੀਆਂ ਕਾਨ੍ਹਾ; ਗਿ: ਹਰਜਿੰਦਰ ਸਿੰਘ ਫੱਕਰ ਪੰਥਕ ਢਾਡੀ, ਕਪੂਰਥਲਾ; ਅਮਰ ਨਾਥ ਜੱਸਲ ਲਾਂਬੜਾ; ਅੰਮ੍ਰਿਤ ਪਾਲ ਸਿੰਘ ਛੀਂਟਾਂਵਾਲਾ ਪਟਿਆਲਾ; ਪੀ. ਆਰ. ਰਾਹੀ ਜੈਪੁਰ; ਜੈ ਰਾਮ ਤਲਵੰਡੀ ਅਰਾਈਆਂ, ਹੁਸ਼ਿਆਰਪੁਰ; ਮਨੀ ਰਾਮ ਪਿੰਡ ਯਾਰੀ ਹਰਿਆਣਾ; ਓਮ ਪ੍ਰਕਾਸ਼ ਦਾਸ ਮਹਾਨਾਰ ਟਾਂਡਾ, ਬਿਹਾਰ; ਜਗੀਰ ਚੰਦ ਅਤੇ ਸਤਪਾਲ, ਦੁਸਾਂਝ ਕਲਾਂ, ਜਲੰਧਰ; ਪੰਕਜ ਅਹੀਰ, ਨਕੋਦਰ; ਰਜਿੰਦਰ ਸਿੰਘ, ਡਿਫੈਂਸ ਕਾਲੋਨੀ, ਜਲੰਧਰ; ਬਲਵੰਤ ਸਿੰਘ ਮਿਸ਼ਨਰੀ, ਜਲੰਧਰ; ਮਨਜੀਤ ਸਿੰਘ ਖਾਲਸਾ; ਸਤਵਿੰਦਰ ਮਡਾੜ, ਕਲਕੱਤਾ; ਸੰਤ ਪ੍ਰੇਮ ਦਾਸ ਜੱਸਲ ਦਿੱਲੀ; ਡਾ. ਐਨ. ਐਸ. ਘੋਬਾ; ਰਾਮ ਦਾਸ, ਸ਼ਿਮਲਾਪੁਰੀ, ਲੁਧਿਆਣਾ; ਯੋਗਰਾਜ ਮਹੇ, ਮੁੰਬਈ; ਹੈੱਡਮਾਸਟਰ ਸਤਪਾਲ ਜੱਸੀ; ਸ: ਗੁਰਦਿਆਲ ਸਿੰਘ ਆਦਿ ਸ਼ਾਮਲ ਹਨ। ਅਮਰੀਕਾ ਤੋਂ ਸ੍ਰੀ ਦੌਲਤ ਰਾਮ ਹੁਰਾਂ ਦਾ ਵਿਸ਼ੇਸ਼ ਟੈਲੀਫੋਨ ਆਇਆ ਤੇ ਸਾਡੇ ਉੱਦਮ ਦੀ ਸ਼ਲਾਘਾ ਕੀਤੀ। ਆਪ ਪਿੱਛੋਂ ਪੰਡੋਰੀ ਨਿੱਝਰਾਂ ਪਿੰਡ ਦੇ ਹਨ। ਆਪ ਨੇ ਆਪਣੇ ਪਿਤਾ ਸਵਰਗੀ ਬੱਗੂ ਰਾਮ ਜੀ ਬੱਧਣ ਨਮਿਤ ਟ੍ਰੈਕਟ ਦਾ ਸਾਰਾ ਖਰਚਾ ਆਪਣੇ ਕੋਲੋਂ ਭੇਜਣ ਦੀ ਸੇਵਾ ਲਈ। ਇੰਜ ਇਨ੍ਹਾਂ ਸ਼ਰਧਾਲੂਆਂ ਦਾ ਪਿਆਰ-ਸਤਿਕਾਰ ਦੇਖ ਕੇ ਸੇਵਾਦਾਰਾਂ ਦਾ ਹੌਸਲਾ ਬੁਲੰਦ ਹੁੰਦਾ ਹੈ।

ਸਰਵਸ੍ਰੀ ਕਾਂਸ਼ੀ ਰਾਮ ਕਲੇਰ (ਸੀਨੀਅਰ ਮੀਤ ਪ੍ਰਧਾਨ), ਪਰਮਜੀਤ ਵਿਰਦੀ (ਮੀਤ ਪ੍ਰਧਾਨ), ਅਮਰਜੀਤ ਸਿੰਘ ਬਿੱਲਾ (ਜਨਰਲ ਸਕੱਤਰ), ਅਸ਼ਵਨੀ ਕੁਮਾਰ ਹੀਰ (ਖ਼ਜ਼ਾਨਚੀ), ਸਾਲਗ ਰਾਮ (ਆਡੀਟਰ), ਅਸ਼ਵਨੀ ਚੌਕੜੀਆ (ਕਾਨੂੰਨੀ ਸਲਾਹਕਾਰ), ਸ: ਮੱਘਰ ਸਿੰਘ (ਮੁੱਖ ਸਲਾਹਕਾਰ), ਸ੍ਰੀ ਮਹਿੰਦਰ ਸੰਧੂ ਮਹੇੜੂ (ਵਿਸ਼ੇਸ਼ ਪ੍ਰਤੀਨਿਧ), ਗੁਰਪ੍ਰੀਤ ਸਿੰਘ ਬੱਧਣ (ਪ੍ਰੈਸ ਸਕੱਤਰ), ਦਿਲਬਾਗ ਸਿੰਘ ਬਿਨਪਾਲਕੇ, ਚਰਨਜੀਤ ਸਿੰਘ ਬਿਨਪਾਲਕੇ ਆਦਿ ਸਾਰੇ ਸੇਵਾਦਾਰ ਲਗਨ ਨਾਲ ਸੇਵਾ ਨਿਭਾ ਰਹੇ ਹਨ। ਮਾਸਟਰ ਰਾਮ ਧਨ ਨਾਂਗਲੂ; ਗੁਰਦੇਵ ਰਾਮ ਬਾਲੀ; ਓਂਕਾਰ ਸਿੰਘ; ਐਸ. ਆਰ. ਚੁੰਬਰ, ਮਲੇਰਕੋਟਲਾ; ਚੰਦਰ ਹੰਸ, ਮਲੇਰਕੋਟਲਾ; ਤੋਤਾ ਮੱਲ, ਆਹਨਖੇੜੀ, ਮਲੇਰਕੋਟਲਾ; ਮਲਕੀਤ ਸਿੰਘ; ਦਲਬਾਰਾ ਸਿੰਘ; ਗੁਰਮੇਲ ਸਿੰਘ; ਜਸਮੇਰ ਚੰਦ, ਹਰਿਆਣਾ ਆਦਿ ਗਾਹੇ-ਬਗਾਹੇ ਸੰਸਥਾ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੋ ਕੇ ਆਪੋ-ਆਪਣੇ ਸੁਝਾਅ ਪੇਸ਼ ਕਰਦੇ ਰਹਿੰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਾਡਾ ਘੇਰਾ ਹੋਰ ਵਿਸ਼ਾਲ ਹੋਵੇ। ਸ੍ਰੀ ਗੁਰੂ ਰਵਿਦਾਸ ਜੀ ਦੀ ਫਿਲਾਸਫੀ ਨੂੰ ਪ੍ਰਚਾਰਨ ਲਈ ਅਜੇ ਬਹੁਤ ਕੁਝ ਕਰਨ ਵਾਲਾ ਬਾਕੀ ਹੈ, ਸਾਡੇ ਸਾਧਨ ਬਹੁਤ ਸੀਮਿਤ ਹਨ।

ਸੰਸਥਾ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕੇ ਵੀ ਛਾਪੇ ਗਏ ਹਨ। ਹਿੰਦੀ ਲਿਟਰੇਚਰ ਅਤੇ ਡਾ. ਬੀ. ਆਰ. ਅੰਬੇਡਕਰ ਬਾਰੇ ਵੀ ਪੰਫਲਿਟਾਂ ਦੀ ਮੰਗ ਆ ਰਹੀ ਹੈ। ਸੰਗਤ ਦੇ ਸਹਿਯੋਗ ਨਾਲ ਹੀ ਇਹ ਸਾਰੇ ਉੱਦਮ ਕੀਤੇ ਜਾ ਸਕਦੇ ਹਨ। ਉਮੀਦ ਕਰਦੇ ਹਾਂ ਕਿ ਇਸ ਮਹਾਂਕੁੰਭ ਵਿਚ ਸਮੁੱਚੀ ਸੰਗਤ ਹੀ ਸਮਰੱਥਾ ਅਨੁਸਾਰ ਯੋਗਦਾਨ ਪਾਵੇਗੀ।

ਸੰਗਤ ਦਾ ਦਾਸ
**—ਰਛਪਾਲ ਸਿੰਘ ਬੱਧਣ**
ਐਨ. ਬੀ. 180, ਪ੍ਰੀਤ ਨਗਰ,
ਸੋਢਲ ਰੋਡ, ਜਲੰਧਰ, ਫੋਨ-0181-2490309

# ਗੁਰੂ ਮਿਲਿਆ ਰੈਦਾਸ

—ਮਹਿੰਦਰ ਸੰਧੂ 'ਮਹੇੜੂ'

ਪ੍ਰਾਚੀਨ ਕਾਲ ਦੌਰਾਨ ਭਾਰਤ ਵਿਚ ਔਰਤ ਵਰਗ ਨੂੰ ਮਰਦਾਂ ਦੀ ਸਮਾਨਤਾ ਹਾਸਲ ਨਹੀਂ ਸੀ, ਉਸ ਨੂੰ ਮਰਦਾਂ ਤੋਂ ਨੀਵਾਂ ਸਮਝਿਆ ਜਾਂਦਾ ਸੀ। ਹਿੰਦੋਸਤਾਨ ਦੇ ਪ੍ਰਸਿੱਧ ਰਿਸ਼ੀ ਮੁਨੀ ਵੀ ਔਰਤ ਨਾਲ ਘ੍ਰਿਣਾ ਕਰਦੇ ਸਨ। ਬਹੁਤੇ ਸ਼ਾਹੀ ਮਹੱਲਾਂ ਦੀਆਂ ਔਰਤਾਂ ਵੀ ਹਾਕਮਾਂ ਦੇ ਮਹਿਲਾਂ ਦੇ ਸ਼ਿੰਗਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸਨ। ਅਖੌਤੀ ਸ਼ੂਦਰਾਂ ਵਾਂਗ ਔਰਤ ਨੂੰ ਪੂਜਾ-ਪਾਠ ਅਤੇ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ, ਇਸੇ ਕਾਰਨ ਭਾਰਤ ਵਿਚ ਸਤੀ ਵਰਗੀਆਂ ਘਿਨਾਉਣੀਆਂ ਰਸਮਾਂ ਪ੍ਰਫੁੱਲਤ ਹੋ ਸਕੀਆਂ। ਸਮਾਂ ਪਾ ਕੇ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤਾ :

**ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥**

ਹਿੰਦੁਸਤਾਨ ਦੇ ਰਾਜੇ ਮੁਗਲ ਹਾਕਮਾਂ ਨੂੰ ਖੁਸ਼ ਕਰਨ ਲਈ ਆਪਣੀਆਂ ਰਾਣੀਆਂ ਅਤੇ ਧੀਆਂ ਤੱਕ ਵੀ ਦੇ ਦਿੰਦੇ ਸਨ। ਮੁਗ਼ਲ ਹਾਕਮ ਭਾਰਤੀ ਸੁੰਦਰ ਨਾਰੀਆਂ ਦਾ ਵਪਾਰ ਕਰਦੇ ਸਨ। ਜਿਨ੍ਹਾਂ ਨੂੰ ਬਾਜ਼ਾਰਾਂ ਵਿਚ ਭੇਡਾਂ-ਬੱਕਰੀਆਂ ਵਾਂਗ ਵੇਚਿਆ ਜਾਂਦਾ ਸੀ, ਪਰ ਮੇਰਾ ਭਾਰਤ ਮਹਾਨ ਦੇ ਰਾਜੇ-ਮਹਾਰਾਜੇ ਆਪੋ-ਆਪਣੀਆਂ ਰਾਜਗੱਦੀਆਂ 'ਤੇ ਬੈਠੇ ਦੇਖਦੇ ਰਹਿੰਦੇ, ਗੱਲ ਕੀ :

**ਧਨ ਜੋਬਨ ਦੁਇ ਵੈਰੀ ਹੋਇ ਜਿਨ੍ਹਿ ਰਖੇ ਰੰਗ ਲਾਇ॥**
**ਦੂਤਾਂ ਨੂੰ ਫੁਰਮਾਇਆ ਲੈ ਚਲੇ ਪਤਿ ਗਵਾਇ॥**

ਵਾਲੀ ਹਾਲਤ ਸੀ।

ਹਿੰਦੁਸਤਾਨ ਹਾਕਮ ਇਨ੍ਹਾਂ ਔਰਤਾਂ ਵਾਸਤੇ ਕਰ ਵੀ ਕੀ ਸਕਦੇ ਸਨ? ਉਹ ਤਾਂ ਪਹਿਲੋਂ ਹੀ ਔਰਤ ਨੂੰ ਪੈਰ ਦੀ ਜੁੱਤੀ ਸਮਝਦੇ ਸਨ, ਉਸ ਦੀ ਅਗਨੀ ਪ੍ਰੀਖਿਆ ਲੈਂਦੇ ਅਤੇ ਜੂਏ ਵਿਚ ਹਾਰ ਵੀ ਦਿੰਦੇ ਸਨ। ਔਰਤ ਵਰਗ ਦੀ ਮੰਦੀ ਦਸ਼ਾ ਦੇ ਚਲਦਿਆਂ ਸੰਨ 1498 ਈ: ਨੂੰ ਰਾਜਸਥਾਨ ਦੀ ਮੇਵਾੜ ਰਿਆਸਤ ਵਿਚ ਰਾਉ ਰਤਨ ਸਿੰਘ ਦੀ ਰਾਣੀ ਕੁਸਮ ਕੁਮਾਰੀ ਦੀ ਗੋਦ ਵਿਚੋਂ ਸੰਤ ਮੀਰਾ ਬਾਈ ਜੀ ਦਾ ਜਨਮ ਹੋਇਆ। ਮੀਰਾ ਬਾਈ ਜੀ ਅਜੇ ਛੋਟੀ ਹੀ ਸੀ ਜਦੋਂ ਉਸ ਦੀ ਮਾਂ ਕੁਸਮ ਕੁਮਾਰੀ ਜੀ ਦਾ ਦਿਹਾਂਤ ਹੋ ਗਿਆ। ਮੀਰਾ ਬਾਈ ਜੀ ਦਾ ਪਾਲਣ-ਪੋਸ਼ਣ ਉਸ ਦੇ ਦਾਦਾ ਰਾਓ ਦੂਦਾ ਨੇ ਕੀਤਾ। ਮੀਰਾ ਬਾਈ ਜੀ ਬਚਪਨ ਵਿਚ ਹੀ ਸ੍ਰੀ ਕ੍ਰਿਸ਼ਨ ਭਗਤੀ ਵੱਲ ਖਿੱਚੀ ਹੋਈ ਸੀ। ਉਸ ਨੇ ਬਹੁਤ ਸਾਰੇ ਪਦੇ ਕ੍ਰਿਸ਼ਨ ਉਸਤਤੀ ਵਿਚ ਲਿਖੇ।

ਉਸ ਵਕਤ ਸ੍ਰੀ ਗੁਰੂ ਰਵਿਦਾਸ ਜੀ ਦੀ ਪ੍ਰਸਿੱਧੀ ਚਾਰੇ ਪਾਸੇ ਫੈਲ ਚੁੱਕੀ ਸੀ। ਗੁਰੂ ਰਵਿਦਾਸ ਜੀ ਦੀ ਮਹਿਮਾ ਤੋਂ ਮੀਰਾ ਬਾਈ ਜਾਣੂ ਸੀ ਪਰ ਉਨ੍ਹਾਂ ਦਾ ਗੁਰੂ ਜੀ ਨਾਲ ਮਿਲਾਪ ਨਹੀਂ ਸੀ ਹੋ ਸਕਿਆ। ਮੀਰਾ ਬਾਈ ਜੀ ਦੀ ਸ਼ਾਦੀ (ਵਿਆਹ) 1516 ਈ: ਵਿਚ ਰਾਣਾ ਸਾਂਗਾ ਦੇ ਪੁੱਤਰ ਭੋਜ ਰਾਜ ਨਾਲ ਹੋਈ। ਮੀਰਾ ਬਾਈ ਦੀ ਸੱਸ ਰਾਣੀ ਝਾਲਾ ਬਾਈ ਪਹਿਲੋਂ ਹੀ ਗੁਰੂ ਰਵਿਦਾਸ ਜੀ ਦੀ ਸ਼ਿਸ਼ ਸੀ। ਹੁਣ ਮੀਰਾ ਬਾਈ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਸੁਣੀ ਮਹਿਮਾ ਅੱਖੀਂ ਤੱਕਣ ਦਾ ਮੌਕਾ ਮਿਲ ਗਿਆ। ਜਦੋਂ ਉਹ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਤਿਸੰਗ ਵਿਚ ਗਈ ਤਾਂ ਉਸ ਨੇ ਦੇਖਿਆ ਕਿ ਉੱਥੇ ਔਰਤ ਤੇ ਮਰਦ ਵਿਚ ਕੋਈ ਭੇਦਭਾਵ ਨਹੀਂ ਹੈ, ਇੱਥੇ ਕੋਈ ਊਚ-ਨੀਚ, ਜਾਤਪਾਤ ਜਾਂ ਅਮੀਰ ਗਰੀਬ ਦਾ ਪਾੜਾ ਨਹੀਂ। ਸਤਿਸੰਗ ਵਿਚ ਸਿਰਫ਼ ਇਸ ਸ੍ਰਿਸ਼ਟੀ ਨੂੰ ਬਣਾਉਣ ਵਾਲੇ ਕੇਵਲ ਇਕ ਪ੍ਰਭੂ ਦੀ ਹੀ ਉਸਤਤੀ ਹੋ ਰਹੀ ਸੀ। ਇੱਥੇ ਸਵਰਗ, ਨਰਕ, ਕਰਮਕਾਂਡਾਂ ਤੇ ਵਾਧੂ ਅਡੰਬਰਾਂ ਲਈ ਕੋਈ ਥਾਂ ਨਹੀਂ ਸੀ। ਸਤਿਸੰਗ ਵਿਚ ਮੀਰਾ ਬਾਈ ਜੀ ਨੂੰ ਇਕ ਅਨੋਖਾ ਅਨੰਦ ਅਨੁਭਵ ਹੋਇਆ।

ਜਿਸ ਦੀ ਉਸ ਨੂੰ ਤਲਾਸ਼ ਸੀ ਮੀਰਾ ਬਾਈ ਜੀ ਨੂੰ ਪੂਰਾ ਗੁਰੂ, ਗੁਰੂ ਰਵਿਦਾਸ ਮਿਲ ਗਿਆ ਤੇ ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਿਸ਼ ਬਣ ਗਈ। ਮੀਰਾ ਬਾਈ ਜੀ ਨੇ ਅਨੇਕਾਂ ਪਦੇ ਗੁਰੂ ਰਵਿਦਾਸ ਜੀ ਦੀ ਉਸਤਤੀ ਵਿਚ ਉਚਾਰਨ ਕੀਤੇ। ਜਿਵੇਂ :

ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ॥
ਸਤਿਗੁਰ ਸੈਨ ਦਈ ਜਬ ਆ ਕੇ ਜੋਤ ਮੇ ਜੋਤ ਰਲੀ॥

*(ਮੀਰਾ ਕੀ ਸ਼ਬਦਾਵਲੀ, ਪੰਨਾ 13)*

ਗੁਰੂ ਮਿਲਿਆ ਰੈਦਾਸ ਜੀ ਮਾਨੇ, ਦੀਨੀ ਗਿਆਨ ਕੀ ਗੁਟਕੀ॥

*(ਮੀਰਾ ਸੁਧਾ ਸਿੰਧ ਪੰਨਾ 379)*

ਮੀਰਾ ਨੇ ਗੋਬਿੰਦ ਮਿਲਿਯਾ ਜੀ, ਗੁਰੂ ਮਿਲਿਆ ਰੈਦਾਸ॥

*(ਮੀਰਾ ਬ੍ਰਿਹਤ ਪਦਾਵਲੀ ਭਾਗ 1, ਪੰਨਾ 901)*

ਖੋਜਤ ਫਿਰੋ ਭੇਦ ਵਾ ਘਰ ਕੋ, ਕੋਈ ਨ ਕਰਤ ਬਖਾਨੀ॥
ਸਤਗੁਰੂ ਸੰਤ ਮਿਲੇ ਰੈਦਾਸਾ, ਦੀਨ ਹੀ ਸੁਰਤ ਮਹਦਾਨੀ॥

*(ਮੀਰਾ ਬ੍ਰਿੰਹਤ ਪਦਾਵਲੀ ਭਾਗ 1 ਪੰਨਾ 207)*

1526 ਈ: ਵਿਚ ਮੀਰਾ ਬਾਈ ਜੀ ਦੇ ਪਤੀ ਰਾਜਾ ਭੋਜ ਰਾਜ ਦੀ ਲੜਾਈ ਵਿਚ ਮੌਤ ਹੋ ਗਈ। ਪ੍ਰੋਹਿਤਾਂ ਨੇ ਮੀਰਾ ਬਾਈ ਜੀ ਨੂੰ ਸਤੀ ਕਰਵਾਉਣਾ ਚਾਹਿਆ ਪ੍ਰੰਤੂ ਮੀਰਾ ਬਾਈ ਜੀ ਨੇ ਇਹੋ ਜਿਹੇ ਭੈੜੇ ਰਿਵਾਜ਼ਾਂ ਤੇ ਕਰਮ-ਕਾਂਡਾਂ ਨੂੰ ਮਿਟਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਪ੍ਰੋਹਿਤ ਆਪਣੀ ਚਾਲ ਵਿਚ ਕਾਮਯਾਬ ਨਾ ਹੋ ਸਕੇ ਤੇ ਮੀਰਾ ਬਾਈ ਜੀ ਨੇ ਸਤੀ ਪ੍ਰਥਾ ਦੀ ਵਿਰੋਧਤਾ ਦਾ ਮੁੱਢ ਬੰਨ੍ਹਿਆ। ਭੋਜਰਾਜ ਦੀ ਮੌਤ ਤੋਂ ਬਾਅਦ ਹੀ ਉਸ ਦਾ ਪਿਤਾ ਰਾਣਾ ਸਾਂਗਾ ਅਤੇ ਮੀਰਾ ਬਾਈ ਦਾ ਪਿਤਾ ਰਾਉ ਰਤਨ ਸਿੰਘ ਖਾਨਵਾ ਦੇ ਮੈਦਾਨ ਵਿਚ ਬਾਬਰ ਨਾਲ ਲੜਦੇ ਮਾਰੇ ਗਏ। ਹੁਣ ਮੀਰਾ ਬਾਈ ਦਾ ਦਿਓਰ ਰਾਣਾ ਬਿਕਰਮਾ ਦਿੱਤ ਰਾਜ-ਗੱਦੀ 'ਤੇ ਬੈਠਾ। ਉਹ ਮੰਦ ਬੁੱਧੀ ਵਾਲਾ, ਅਧਰਮੀ ਤੇ ਪ੍ਰੋਹਿਤਾਂ ਦੇ ਬਹਿਕਾਵੇ ਵਿਚ ਆਉਣ ਵਾਲਾ ਰਾਜਾ ਸੀ, ਉਸ ਨੇ ਮੀਰਾ ਬਾਈ ਜੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਪ੍ਰੋਹਿਤਾਂ ਨੂੰ ਆਪਣੀਆਂ ਚਾਲਾਂ ਖੇਡਣ ਦਾ ਮੌਕਾ ਮਿਲ ਗਿਆ। ਉਨ੍ਹਾਂ ਨੇ ਮੀਰਾ ਬਾਈ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਸੰਗਤ ਵਿਚ ਜਾਣ ਤੋਂ ਹਟਾਉਣਾ ਚਾਹਿਆ ਪਰ ਮੀਰਾ ਬਾਈ ਜੀ ਆਪਣੇ ਦ੍ਰਿੜ ਇਰਾਦੇ 'ਤੇ ਅੜੇ ਰਹੇ। ਉਹ ਨਿੱਤ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹਦੇ ਤੇ ਪ੍ਰਚਾਰ ਕਰਦੇ। ਪ੍ਰੋਹਿਤਾਂ ਤੇ ਬਿਕਰਮਾਦਿੱਤ ਨੇ ਮੀਰਾ ਬਾਈ ਜੀ ਨੂੰ ਮਾਰਨ ਦੇ ਮਨਸੂਬੇ ਘੜਨੇ ਸ਼ੁਰੂ ਕੀਤੇ। ਉਨ੍ਹਾਂ ਮੀਰਾ ਬਾਈ ਨੂੰ ਗੁਰੂ ਰਵਿਦਾਸ ਜੀ ਦੇ ਪ੍ਰਸ਼ਾਦ ਦੇ ਰੂਪ ਵਿਚ ਜ਼ਹਿਰ ਦਾ ਪਿਆਲਾ ਭੇਜਿਆ। ਸਿਮਰਨ ਵਿਚ ਮਗਨ, ਮੀਰਾ ਨੇ ਉਹ ਪਿਆਲਾ ਗਟ-ਗਟ ਪੀ ਲਿਆ, ਪ੍ਰਭੂ ਦੀ ਕਿਰਪਾ ਸਦਕਾ ਉਹ ਜ਼ਹਿਰ ਉਸ ਦਾ ਵਾਲ ਵੀ ਵਿੰਗਾ ਨਾ ਕਰ ਸਕਿਆ। ਫਿਰ ਉਨ੍ਹਾਂ ਨੇ ਗਹਿਣਿਆਂ ਵਾਲੇ ਡੱਬੇ ਵਿਚ ਇਕ ਜ਼ਹਿਰੀਲਾ ਨਾਗ ਭੇਜਿਆ ਪਰ ਉਹ ਨਾਗ ਵੀ ਮੀਰਾ ਬਾਈ ਜੀ ਦੀ ਪ੍ਰਭੂ ਭਗਤੀ ਅੱਗੇ ਝੁਕ ਗਿਆ।

ਸਤਿਨਾਮ ਦੇ ਰੰਗ ਵਿਚ ਰੰਗੀ ਮੀਰਾ ਬਾਈ ਜੀ ਮਹਿਲਾਂ ਵਿਚ ਕੈਦ ਹੋ ਕੇ ਨਹੀਂ ਸਨ ਰਹਿ ਸਕਦੇ। ਗੁਰੂ ਹੁਕਮ ਅਨੁਸਾਰ ਉਨ੍ਹਾਂ ਮਨੁੱਖਤਾ ਨੂੰ ਪ੍ਰਭੂ ਦੇ ਨਾਮ ਨਾਲ ਜੋੜਨਾ ਸੀ ਅਤੇ ਨਾ ਹੀ ਬਿਕਰਮਾ ਦਿੱਤ ਅਤੇ ਪ੍ਰੋਹਿਤ ਆਪਣੀਆਂ ਚਾਲਾਂ ਤੋਂ ਬਾਜ਼ ਆਏ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਮੀਰਾ ਬਾਈ ਜੀ ਇਕ ਪੂਰਨ ਸੰਤ ਦੇ ਰੂਪ ਵਿਚ ਦੁਨੀਆ ਦਾ ਭ੍ਰਮਣ ਕਰਨ ਲਈ ਨਿਕਲ ਪਏ ਤੇ ਮਨੁੱਖਤਾ ਨੂੰ ਸਤਿਨਾਮ ਦੇ ਨਾਮ ਨਾਲ ਜੋੜਨ ਲੱਗੇ। ਉਧਰ 1535 ਈ: ਨੂੰ ਗੁਜਰਾਤ ਦੇ ਸੁਲਤਾਨ ਬਹਾਦਰ ਸ਼ਾਹ ਨੇ ਚਿਤੌੜ 'ਤੇ ਹਮਲਾ ਕਰਕੇ ਉਸ ਨੂੰ ਤਹਿਸ ਨਹਿਸ ਕਰ ਦਿੱਤਾ।

* * *

# ਗੁਰੂ ਰਵਿਦਾਸ ਦਰਸ਼ਨ

*—ਰਾਮਧਨ ਨਾਂਗਲੂ ਭੋਗਪੁਰ*

ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਦਰਸ਼ਨ' ਤੋਂ ਭਾਵ ਹੈ ਉਹ ਸ਼ਾਸਤਰ ਜਿਸ ਤੋਂ ਅਸਲ ਤੱਤ (ਮੂਲ ਵਸਤੂ) ਦਾ ਗਿਆਨ ਹੁੰਦਾ ਹੈ ਜਾਂ ਅਸੂਲਾਂ ਤੇ ਕਾਰਨਾਂ ਦੀ ਵਿੱਦਿਆ, ਤਰਕਸ਼ਾਸਤਰ ਵੀ ਇਸ ਨੂੰ ਕਿਹਾ ਜਾਂਦਾ ਹੈ।ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ ਫਿਲਾਸਫੀ (Philosophy) ਤੇ ਅਰਬੀ ਭਾਸ਼ਾ ਵਿਚ ਇਸ ਨੂੰ ਫਲਸਫਾ ਦਾ ਨਾਮ ਦਿੱਤਾ ਗਿਆ ਹੈ। ਇਸ ਵਿੱਦਿਆ ਦੇ ਗਿਆਤਾ (ਜਾਨਣ ਵਾਲਾ) ਨੂੰ ਸੰਸਕ੍ਰਿਤ ਭਾਸ਼ਾ ਵਿਚ ਦਾਰਸ਼ਨਿਕ, ਅਰਬੀ ਭਾਸ਼ਾ ਵਿਚ ਫੈਲਸੂਫ ਤੇ ਅੰਗਰੇਜ਼ੀ ਭਾਸ਼ਾ ਵਿਚ ਫਲਾਸਫਰ (Philosopher) ਕਿਹਾ ਜਾਂਦਾ ਹੈ। ਉਂਜ ਸ਼ਬਦ 'ਦਰਸ਼ਨ' ਬਹੁਮੰਤਵੀ ਅਰਥ ਰੱਖਦਾ ਹੈ। ਇਹ ਸੰਸਕ੍ਰਿਤ ਭਾਸ਼ਾ ਦਾ ਪੁਲਿੰਗ, ਸੰਗਿਆ ਸ਼ਬਦ ਹੈ। ਇਸ ਦੇ ਕਈ ਅਰਥ ਹਨ ਜਿਵੇਂ : ਨੇਤਰ, ਅੱਖ, ਸਪਨਾ, ਬੁਧਿ, ਧਰਮ, ਦਰਪਣ (ਮੂੰਹ ਵੇਖਣਾ ਸ਼ੀਸ਼ਾ) ਵਰਣ ਜਾਂ ਰੰਗ, ਭੇਂਟ, ਮੁਲਾਕਾਤ, ਆਪਣੇ ਸਾਹਮਣੇ ਅੱਖਾਂ ਨਾਲ ਹੋਣ ਵਾਲਾ ਬੋਧ ਜਾਂ ਗਿਆਨ, ਕਿਸੇ ਦੇਵਤਾ, ਦੇਵਮੂਰਤੀ ਜਾਂ ਕਿਸੇ ਵਡੇਰੇ ਨਾਲ ਹੋਣ ਵਾਲੀ ਭੇਂਟ ਵਾਰਤਾ, ਉਹ ਸ਼ਾਸਤਰ ਜਾਂ ਵਿੱਦਿਆ ਜਿਸ ਨਾਲ ਪਦਾਰਥਾਂ ਦਾ ਧਰਮ, ਕੰਮ, ਕਾਰਣ। ਦਰਸ਼ਨ ਦਾ ਅਰਥ ਜਾਂ ਪਰਯੋਜਨ ਸਾਕਸ਼ਾਤਕਾਰ (ਪ੍ਰਤੱਖ ਤੌਰ 'ਤੇ) ਅਨੁਭਵ ਨੂੰ ਦਰਸ਼ਨ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ "ਦ੍ਰਿਸ਼ਯਤੇ ਅਕਮੇ ਇਤਿ ਦਰਸ਼ਨ" (ਸੰਸਕ੍ਰਿਤ ਵਿਚ) ਦੇ ਆਧਾਰ 'ਤੇ ਵਸਤੂ ਦੇ ਸਤਯ ਭੂਤ (ਉਹ ਮੂਲ ਪਦਾਰਥ ਜਿਸਦੀ ਸਹਾਇਤਾ ਨਾਲ ਸ੍ਰਿਸ਼ਟੀ ਦੀ ਰਚਨਾ ਹੋਈ) ਤਾਤਵਿਕ (ਤੱਤ ਸੰਬੰਧੀ) ਸਵਰੂਪ ਦੀ ਸਮਯਕ (ਹਰ ਪ੍ਰਕਾਰ ਨਾਲ) ਜਾਣਕਾਰੀ ਹੀ 'ਦਰਸ਼ਨ' ਹੈ। ਅਸੀਂ ਕੌਣ ਹਾਂ ?ਏਥੇ ਕਿਉਂ ਆਏ ਹਾਂ ?ਕਿੱਥੋਂ ਆਏ ਹਾਂ ?ਮਰਨ ਤੋਂ ਬਾਅਦ ਜੀਵ ਕਿੱਥੇ ਜਾਂਦਾ ਹੈ ?ਇਸ ਦ੍ਰਿਸ਼ਯਮਾਨ ਜਗਤ ਦਾ ਨਿਰਮਾਤਾ ਕੌਣ ਹੈ ?ਇਹ ਅਕ੍ਰਿਸ਼ਯ ਕਿਉਂ ਹੈ ?ਇਸ ਪ੍ਰਕਾਰ ਦੀ ਪ੍ਰਸ਼ਨਾਵਲੀ ਦਾ ਸਮੁਚਿਤ ਉੱਤਰ ਦੇਣਾ 'ਦਰਸ਼ਨ' ਦਾ ਪ੍ਰਯੋਜਨ ਹੈ। ਦਰਸ਼ਨ ਅਤੇ ਧਰਮ ਦਾ ਡੂੰਘਾ ਸੰਬੰਧ ਹੈ। ਭਾਰਤੀ 'ਦਰਸ਼ਨ' ਦਾ ਮੂਲ ਮੰਤਵ ਆਤਮਾ ਨੂੰ ਜਾਨਣ ਵੱਲ ਰਿਹਾ ਹੈ। ਇਸ ਲਈ 'ਦਰਸ਼ਨ' ਨੂੰ ਆਤਮ ਗਿਆਨ ਦੀ ਸੰਗਿਆ ਦਿੱਤੀ ਜਾਂਦੀ ਹੈ।

ਉਪਰੋਕਤ 'ਦਰਸ਼ਨ' ਦੀਆਂ ਭੂਮਿਕਾਵਾਂ ਅਨੁਸਾਰ ਸਤਿਗੁਰੂ ਰਵਿਦਾਸ ਜੀ ਦੀ ਪਵਿਤ੍ਰਬਾਣੀ ਵਿਚ ਇਹ ਸਾਰੀਆਂ ਵਿਸ਼ੇਸ਼ਤਾਵਾਂ ਮਿਲ ਜਾਂਦੀਆਂ ਹਨ। ਪਰ ਇਸ 'ਦਰਸ਼ਨ' ਮਈ ਸਾਗਰ ਨੂੰ ਗਾਗਰ ਵਿਚ ਪਾਉਣਾ ਕਠਿਨ ਹੈ। ਫਿਰ ਵੀ ਸੰਕੇਤ ਮਾਤਰ ਇਸ ਨੂੰ ਸੰਖੇਪ ਵਿਚ ਵਰਨਣ ਕਰਨ ਦਾ ਯਤਨ ਕਰਦਾ ਹਾਂ। ਸਾਖੀਆਂ ਅਨੁਸਾਰ :—

**(1) ਇਕੋ ਇਕ ਆਦਿ ਪੁਰਖ ਦੀ ਅਰਾਧਨਾ**

ਸਤਿਗੁਰੂ ਰਵਿਦਾਸ ਜੀ ਦੇ ਅਰਾਧਨਾ ਯੋਗ ਮਹਾਂਪੁਰਖ ਉਹ ਇਕੋ ਇਕ ਸਰਵਸ਼ਕਤੀਮਾਨ ਦ੍ਰਿਸ਼ਟੀ ਦੇ ਰਚਨਹਾਰੇ ਸਨ ਜਿਹਨਾਂ ਦਾ ਕੋਈ ਸਾਨੀ ਨਹੀਂ ਸੀ। ਉਹਨਾਂ ਦੇ ਕਥਨ ਅਨੁਸਾਰ "ਹਰਿ ਸਾ ਹੀਰਾ ਛਾਡਿ ਕੇ ਕਰਹਿ ਆਨ ਕੀ ਆਸੂ॥"

**(2) ਆਦਿ ਪੁਰਖ ਦਾ ਵਾਸ ਸਰੀਰ ਦੇ ਅੰਦਰ ਹੀ ਹੈ। ਉਸ ਨੂੰ ਅੰਦਰੋਂ ਹੀ ਭਾਲੋ।**

ਪ੍ਰੇਮ ਹੰਸ ਸਤਿਗੁਰੂ ਰਵਿਦਾਸ ਜੀ ਮਹਾਰਾਜ ਬਚਨ ਉਚਾਰਨ ਕਰਦੇ ਹਨ ਕਿ ਇਕੋ ਇਕ ਸ਼ਕਤੀ ਹਿਰਦੇ ਦੇ ਅੰਦਰ ਹੀ ਹੈ ਬਾਹਰ ਉਸ ਨੂੰ ਭਾਲਣ ਦੀ ਕੋਈ ਲੋੜ ਨਹੀਂ।

"ਅੰਤਰ ਗਤਿ ਰਾਂਚੈ ਨਹੀਂ, ਬਾਹਰਿ ਕਥੈ ਉਜਾਸ"

**(3) ਇਹ ਸੰਸਾਰ ਇਕ ਭਰਮ ਭੁਲੇਖਾ ਹੈ।**

ਸਤਿਗੁਰੂ ਅਨੁਸਾਰ ਇਸ ਸੰਸਾਰ ਦੀ ਮਾਇਆ ਮਨੁੱਖ ਲਈ ਇਕ ਛਲਾਵਾ ਹੈ। ਜਿਸ ਪ੍ਰਕਾਰ

ਪੰਛੀ ਨੂੰ ਸਿੰਬਲ ਰੁਖ ਦੇ ਲਾਲ ਲਾਲ ਫੁਲ ਭਰਮਾਉਂਦੇ ਹਨ ਏਸੇ ਤਰ੍ਹਾਂ ਦਾ ਭਰਮ ਭੁਲੇਖਾ ਇਕ ਸੰਸਾਰ ਹੈ "ਜੈਸਾ ਰੰਗ ਸੈਂਬਲ ਕਹਿ ਹੋਵੈ, ਤੈਸਾ ਯਹੁ ਸੰਸਾਰ"

**(4) ਸਾਗਰ ਰੂਪੀ ਸੰਸਾਰ ਨੂੰ ਪਾਰ ਕਰਨ ਲਈ ਨਾਮ ਆਧਾਰ।**

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਦੇ ਕਸ਼ਟਾਂ ਤੋਂ ਛੁਟਕਾਰਾ ਪਾਉਣ ਲਈ ਆਦਿ ਪੁਰਖ ਦੇ ਨਾਮ ਦਾ ਜਾਪ ਹੀ ਸਹਾਈ ਹੋ ਸਕਦਾ ਹੈ "ਭੌ ਸਾਗਰ ਰਾ ਤਰਨ ਕੂੰ, ਏਕੋ ਨਾਮ ਆਧਾਰ"।

**(5) ਗੁਰੂ ਗਿਆਨ ਹੀ ਇਸ ਸੰਸਾਰ ਨੂੰ ਸਮਝਣ ਲਈ ਸਹਾਈ ਹੋ ਸਕਦਾ ਹੈ।**

ਗੁਰੂ ਧਾਰਨ ਕਰਨਾ ਸ੍ਰੀ ਗੁਰੂ ਰਵਿਦਾਸ ਜੀ ਜੀਵਨ ਕਲਿਆਣ ਦਾ ਇਕ ਸਾਧਨ ਸਮਝਦੇ ਹੋਏ ਫਰਮਾਉਂਦੇ ਹਨ "ਗੁਰੂ ਗਯਾਨ ਦੀਪਕ ਦਿਯਾ, ਬਾਤੀ ਦਈ ਜਲਾਇ।" ਅਤੇ "ਰਵਿਦਾਸ ਗੁਰੂ ਰਾ ਗਯਾਨ ਚਖੁ ਬਿੰਨੁ, ਕਿਮਿ ਮਿਟਈ ਭ੍ਰਮ ਫੰਦ।"

**(6) ਆਦਿ ਪੁਰਖ ਦੀ ਮਾਇਆ ਵਿਚ ਉਲਝਿਆ ਮਨੁੱਖ।**

ਸਤਿਗੁਰੂ ਰਵਿਦਾਸ ਜੀ ਦਾ ਬਚਨ ਹੈ ਕਿ ਇਸ ਸੰਸਾਰਕ ਮਾਇਆ ਨੂੰ ਵੇਖ ਮਨੁੱਖ ਅੰਨ੍ਹਾ ਹੋ ਜਾਂਦਾ ਹੈ ਤੇ ਆਪਣਾ ਜਗਤ ਵਿਚ ਆਉਣ ਦਾ ਮਕਸਦ ਭੁੱਲ ਜਾਂਦਾ ਹੈ। ਉਹਨਾਂ ਅਨੁਸਾਰ, "ਮਾਇਆ ਦੀਪਕ ਪੇਖਿ

**(7) ਅੰਸ਼ ਅਤੇ ਅੰਸ਼ੀ ਇਕੋ ਹਨ**

ਸਤਿਗੁਰੂ ਰਵਿਦਾਸ ਜੀ ਇਹ ਸਪੱਸ਼ਟ ਕਰਦੇ ਹਨ ਕਿ ਤੱਤ (ਅੰਸ਼ੀ) ਕੇਵਲ ਇਕੋ ਹੈ ਅਤੇ ਅਸੀਂ ਜੀਵ ਉਸ ਦਾ ਹੀ ਅੰਸ਼ ਹਾਂ। ਜੀਵ ਦੀ ਸਮਾਪਤੀ ਸਮੇਂ ਅੰਸ਼ ਆਪਣੇ ਹੀ ਮੂਲ ਤੱਤ ਵਿਚ ਸਮਾ ਜਾਂਦਾ ਹੈ। "ਜਿਮਿ ਗੰਗ ਸਮੁੰਦ ਮਿਲਿ ਰਵਿਦਾਸ ਸਮੁੰਦਹਿ ਵਿਲਾਹਿ। ਅਤੇ "ਤੁਹਿ ਮੁਹਿ ਹਮੁ ਏਕ ਹੈ।"

**(8) ਕੌੜੇ ਸ਼ਬਦ ਨਾ ਬੋਲੋ**

ਗੁਰੂ ਸੰਤ ਰਵਿਦਾਸ ਜੀ ਮਹਾਰਾਜ ਬਚਨ ਕਰਦੇ ਹਨ ਕਿ ਇਹ ਸਾਡਾ ਮੁੱਖ ਇਕ ਕਮਾਨ ਦੀ ਨਿਆਈਂ ਹੈ। ਇਸ ਵਿਚੋਂ ਨਿਕਲੇ ਕੌੜੇ ਸ਼ਬਦ ਤੀਰ ਵਾਂਗ ਹਨ। ਜੋ ਪੁੱਜਦੇ ਤਾਂ ਕੰਨਾਂ ਵਿਚ ਹਨ ਪਰ ਸਾਰੇ ਸਰੀਰ 'ਤੇ ਛਾਲੇ ਪਾ ਜਾਂਦੇ ਹਨ।

ਮੂਰਖਿ ਮੁਖ ਕਮਾਨ ਹੈ, ਕਟੁਕ ਬਚਨ ਭਯੋ ਤੀਰ॥
ਸਾਂਚਰੀ ਮਾਹੈ ਕਾਂਨ ਮਹਿੰ, ਸਾਲੇ ਸਗਲ ਸਰੀਰ॥

**(9) ਆਦਿ ਪੁਰਖ ਦਾ ਭਾਣਾ ਮੰਨਣਾ।**

ਆਦਿ ਗੁਰੂ ਸ੍ਰੀ ਗੁਰੂ ਰਵਿਦਾਸ ਬਚਨ ਉਚਾਰਦੇ ਹਨ ਕਿ ਇਹ ਸੰਸਾਰ ਦੁੱਖਾਂ ਦੀ ਖੇਤੀ ਹੈ। ਸਾਨੂੰ ਮੂਰਖ ਬਣ ਕੇ ਰੋਣਾ ਨਹੀਂ ਚਾਹੀਦਾ ਸਗੋਂ ਹਰਿ ਦੇ ਨਾਮ ਦਾ ਆਸਰਾ ਲੈ ਕੇ ਇਸ ਦੁੱਖ ਦੇ ਭਾਣੇ ਨੂੰ ਸਹਿ ਲੈਣਾ ਚਾਹੀਦਾ ਹੈ।"

ਇਹ ਜਗ ਦੁਖ ਕੀ ਖੇਤਰੀ, ਇਹ ਜਾਨਤ ਸਭੋ ਕੋਇ॥
ਗਯਾਨੀ ਕਾਟਹਿ ਹਰਿ ਨਾਮ ਸੌਂ, ਮੂਰਿਖ ਕਾਟਹਿੰ ਰੋਇ॥"

**(10) ਕਿਸੇ ਦੇਵੀ ਦੇਵ ਦੀ ਪੂਜਾ ਨਹੀਂ**

ਆਦਿ ਗੁਰੂ ਸ੍ਰੀ ਰਵਿਦਾਸ ਜੀ ਮਹਾਰਾਜ ਕਿਸੇ ਵਿਚੋਲੇ ਨੂੰ ਵਿਚ ਪਾਉਣ ਦੀ ਬਜਾਇ ਸਿੱਧਾ ਉਸ ਸ਼ਕਤੀ ਨਾਲ ਜੁੜਨ ਦੀ ਸਿੱਖਿਆ ਦਿੰਦੇ ਹਨ ਜੋ ਇਕੋ ਇਕ ਹੈ, ਸਰਵ ਸ਼ਕਤੀਮਾਨ ਹੈ, ਸਰਵ ਵਿਆਪਕ ਹੈ ਤੇ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਹੈ।"

ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਹਿੰ।
ਰਾਮ ਹਮਉਂ ਮਹਿੰ ਰਮਿ ਰਹਯੋ, ਬਿਸਬ ਕੁਟੰਬਹ ਮਾਹਿੰ॥"

**(11) ਆਦਿ ਪੁਰਖ ਕਿਸੇ ਪਦਾਰਥ ਦੇ ਰੂਪ ਵਿਚ ਨਹੀਂ ਸਗੋਂ ਅਨੁਭਵ ਦਾ ਵਿਸ਼ਾ ਹੈ।**

ਪ੍ਰਮ ਹੰਸ ਸਤਿਗੁਰੂ ਰਵਿਦਾਸ ਜੀ ਆਦਿ ਪੁਰਖ ਨੂੰ ਠੋਸ ਦ੍ਰਵ ਜਾਂ ਗੈਸ ਆਦਿ ਦਾ ਰੂਪ ਨਾ ਦੇ ਕੇ ਇਸ ਨੂੰ ਇਕ ਅਨੁਭਵ ਕਰਨ ਦੀ ਕ੍ਰਿਆ ਦਾ ਰੂਪ ਦਿੰਦੇ ਹਨ ਜਿਵੇਂ ਗੁਲਾਬ ਦੇ ਫੁੱਲ ਵਿਚ ਸੁਗੰਧੀ ਤਾਂ ਹੈ ਪਰ ਉਸ ਦਾ ਕੋਈ ਰੂਪ ਨਹੀਂ। ਉਸ ਨੂੰ ਕੇਵਲ ਸੁੰਗਣ ਸ਼ਕਤੀ ਨਾਲ ਅਨੁਭਵ ਹੀ ਕੀਤਾ ਜਾ ਸਕਦਾ ਹੈ ਕਿਸੇ ਰੂਪ ਵਿਚ ਨਹੀਂ ਲਿਆਂਦਾ ਜਾ ਸਕਦਾ।

"ਮੁਕਰ ਮਾਂਹ ਪਰਛਾਈਂ ਜਯੋਂ, ਪੁਹੁਧ ਮਧੇ ਜਯੋਂ ਬਾਸ।
ਤੈਸਉ ਹੀ ਸ੍ਰੀ ਹਰਿ ਬਸੈ, ਹਿਰਦੈ ਮਧੇ ਰਵਿਦਾਸ॥"

ਏਸੇ ਤਰ੍ਹਾਂ ਆਦਿ ਗੁਰੂ ਪ੍ਰਮ ਹੰਸ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਵਿਚੋਂ ਹਰ ਉਹ ਨੁਕਤਾ ਭਾਲਿਆ ਜਾ ਸਕਦਾ ਹੈ ਜੋ ਮੂਲ ਤੱਤ ਬਾਰੇ ਸਾਨੂੰ ਗਿਆਨ ਦਿੰਦਾ ਹੈ। ਮਨੁੱਖ ਕਿੱਥੋਂ ਆਇਆ, ਮਰਨ ਉਪਰੰਤ ਕਿੱਥੇ ਜਾਂਦਾ ਹੈ, ਦੇ ਸਿਧਾਂਤ ਲੱਭੇ ਜਾ ਸਕਦੇ ਹਨ। ਮਨੁੱਖ ਦੇ ਇਸ ਸੰਸਾਰ ਵਿਚ ਕੀ ਕਰਤੱਵ ਹਨ। ਗੁਰੂ ਜੀ ਦੀ ਅੰਮ੍ਰਿਤ ਬਾਣੀ ਦੇ ਸਿੰਗਾਰ ਹਨ। ਲੋੜ ਹੈ ਗੁਰੂ ਰਵਿਦਾਸ ਜੀ ਦੀ ਪਵਿਤ੍ਰ ਬਾਣੀ ਨੂੰ ਬੁੱਧੀ ਨਾਲ ਘੋਖਣ ਪਰਖਣ ਦੀ।

* * *

# ਗੁਰਪੁਰਬ ਮਨਾਉਣ ਤੋਂ ਬਾਅਦ

*—ਰਘਵੀਰ ਕੌਰ ਐਮ. ਏ.*

ਸਾਡੇ ਸਮਾਜ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਅਸੀਂ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਦੇ ਨਜ਼ਦੀਕ ਹੀ ਗੁਰੂ ਜੀ ਨੂੰ ਯਾਦ ਕਰਦੇ ਹਾਂ। ਗੁਰਪੁਰਬ ਮਨਾਉਣ ਤੋਂ ਬਾਅਦ ਇਹ ਭੁੱਲ ਹੀ ਜਾਂਦੇ ਹਾਂ ਕਿ ਗੁਰੂ ਰਵਿਦਾਸ ਜੀ ਵੀ ਕੋਈ ਹਸਤੀ ਹੈ। ਪੰਜਾਬ ਵਿਚ ਕੁਝ ਡੇਰੇ ਹਨ ਜੋ ਗੁਰੂ ਰਵਿਦਾਸ ਮਿਸ਼ਨ ਦਾ ਫੈਲਾਅ ਕਰ ਰਹੇ ਹਨ। ਉਹਨਾਂ ਨਾਲ ਜੁੜੀ ਸੰਗਤ ਤਾਂ ਗੁਰੂ ਜੀ ਨੂੰ ਚੇਤੇ ਕਰਦੀ ਰਹਿੰਦੀ ਹੈ ਪਰ ਜਿਹੜੀ ਸੰਗਤ ਗੁਰੂ ਰਵਿਦਾਸ ਮਿਸ਼ਨ ਡੇਰਿਆਂ ਤੋਂ ਟੁੱਟ ਕੇ ਕਿਸੇ ਹੋਰ ਡੇਰਿਆਂ ਨਾਲ ਜੁੜੀ ਹੋਈ ਹੈ ਉਹ ਤਕਰੀਬਨ ਸਾਲ ਬਾਅਦ ਹੀ ਗੁਰੂ ਜੀ ਨੂੰ ਯਾਦ ਕਰਦੀ ਹੈ, ਜੋ ਕਿ ਸਾਡੀ ਸਮਾਜਿਕ ਤਰੱਕੀ ਵਿਚ ਖੜੋਤ ਦਾ ਅਹਿਮ ਕਾਰਨ ਹੈ। ਪ੍ਰੰਤੂ ਇਹ ਵੀ ਦੇਖਿਆ ਹੈ ਕਿ ਕੁਝ ਡੇਰੇ ਗੁਰੂ ਰਵਿਦਾਸ ਜੀ ਦੇ ਨਾਲੋਂ ਆਪਣਾ ਨਾਮ ਵਧੇਰੇ ਜਪਾਉਂਦੇ ਹਨ। ਇਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਗੁਰੂ ਜੀ ਦੇ ਜਨਮ ਦਿਨ 'ਤੇ ਅਸੀਂ ਪ੍ਰਭਾਤ ਫੇਰੀਆਂ ਕੱਢਦੇ ਹਾਂ, ਨਗਰ ਕੀਰਤਨ ਸਜਾਉਂਦੇ ਹਨ, ਪਾਠ ਕਰਾਉਂਦੇ ਹਾਂ, ਲੰਗਰ ਲਗਾਉਂਦੇ ਹਾਂ, ਪੰਜ-ਸੱਤ ਦਿਨ ਤਾਂ ਵਾਹਵਾ ਜੈ ਰਵਿਦਾਸ-ਜੈ ਰਵਿਦਾਸ ਕਰਦੇ ਹਾਂ ਪਰ ਗੁਰਪੁਰਬ ਲੰਘ ਜਾਣ ਤੋਂ ਬਾਅਦ ਸੁਸਰੀ ਵਾਂਗ ਸੌਂ ਜਾਂਦੇ ਹਾਂ ਭਾਵ ਗੁਰੂ ਰਵਿਦਾਸ ਮਿਸ਼ਨ ਨਾਲੋਂ ਬਿਲਕੁਲ ਟੁੱਟ ਜਾਂਦੇ ਹਾਂ। ਫਿਰ ਉਹਨਾਂ ਪਾਖੰਡਾਂ ਵਿਚ ਰੁੱਝ ਜਾਂਦੇ ਹਾਂ। ਕੋਈ ਕਿਸੇ ਦੇਵੀ ਦੇ ਤੁਰ ਪੈਂਦਾ ਹੈ ਕੋਈ ਪੀਰ ਦੇ, ਕੋਈ ਕਿਸੇ ਤੀਰਥ ਵੱਲ ਤੁਰ ਪੈਂਦਾ ਹੈ, ਕੋਈ ਸਾਈਕਲ ਯਾਤਰਾ 'ਤੇ ਨਿਕਲ ਪੈਂਦਾ ਹੈ, ਕੋਈ ਪਹਾੜਾਂ ਦੀਆਂ ਖੁੰਦਰਾਂ ਵਿਚ ਵਸਦੇ ਰੱਬ ਦੇ ਦਰਸ਼ਨ ਪਾਉਣ ਚੱਲ ਪੈਂਦਾ ਹੈ। ਕੋਈ ਕਿਸੇ ਬਾਬੇ ਤੋਂ ਤਵੀਤ ਲੈਣ ਲਈ ਤੇ ਕੋਈ ਰਾਤੋ-ਰਾਤ ਰੱਬ ਦੇ ਦਰਸ਼ਨ ਕਰਾਉਣ ਵਾਲਿਆਂ ਦੇ ਚਰਨ ਫੜੀ ਬੈਠ ਜਾਂਦਾ ਹੈ। ਕੋਈ ਮੜ੍ਹੀਆਂ, ਮਸਾਣਾਂ, ਜਠੇਰਿਆਂ ਦੀ ਪੂਜਾ ਵਿਚ ਲੱਗ ਕੇ ਅੰਧ ਵਿਸ਼ਵਾਸਾਂ ਵਿਚ ਰੁੱਝ ਜਾਂਦਾ ਹੈ। ਗੁਰੂ ਰਵਿਦਾਸ ਪੂਜਾ ਦਾ ਤਾਂ ਕਿਤੇ ਨਾਮੋ-ਨਿਸ਼ਾਨ ਹੀ ਨਹੀਂ ਰਹਿੰਦਾ। ਇਹ ਤਾਂ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਹੈ ਨਹੀਂ ਤਾਂ ਅਸੀਂ ਗੁਰਪੁਰਬ ਮਨਾਉਣ ਤੋਂ ਬਾਅਦ ਗੁਰੂ ਰਵਿਦਾਸ ਗੁਰੂ ਘਰ ਨੂੰ ਜਿੰਦਰਾ ਮਾਰ ਦੇਈਏ ਬਸ ਅਗਲੇ ਗੁਰਪੁਰਬ 'ਤੇ ਹੀ ਖੋਲ੍ਹੀਏ।

ਬੇਸ਼ੱਕ ਅਸੀਂ ਆਪਣੇ ਗੁਰੂ ਘਰਾਂ ਵਿਚ ਨਿਤਨੇਮ ਕਰਦੇ ਹਾਂ, ਸੰਗਰਾਂਦ ਮਨਾਉਂਦੇ ਹਾਂ ਪਰ ਇਹ ਸਿਰਫ਼ ਫਾਰਮੈਲਟੀ ਪੂਰੀ ਕਰਨ ਵਾਲੀ ਗੱਲ ਹੀ ਹੈ। ਇਸ ਨਿਤਨੇਮ ਤੇ ਸੰਗਰਾਂਦ ਮਨਾਉਣ ਵੇਲੇ ਅਕਸਰ ਗੁਰੂ ਮਿਸ਼ਨ ਦਾ ਪ੍ਰਚਾਰ ਨਹੀਂ ਹੁੰਦਾ। ਸਵੇਰੇ ਪਾਠੀ ਨੇ ਇਕੱਲਿਆਂ ਹੀ ਪਾਠ ਕੀਤਾ ਤੇ ਸਮਾਪਤੀ। ਸੰਗਰਾਂਦ 'ਤੇ ਪਾਠ ਕੀਤਾ ਕੜਾਹ ਪ੍ਰਸ਼ਾਦਿ ਛਕਿਆ, ਪਾਠੀ ਆਪਣੇ ਕੰਮ 'ਤੇ ਅਤੇ ਅਸੀਂ ਆਪਣੇ ਕੰਮ 'ਤੇ। ਕੋਈ ਗੁਰੂ ਰਵਿਦਾਸ ਦਾ ਨਾਮ, ਕੋਈ ਕੌਮ ਦੀ ਭਲਾਈ ਜਾਂ ਸਮੱਸਿਆ ਸੰਬੰਧੀ ਵਿਚਾਰ ਨਹੀਂ। ਸਾਰਾ ਸਾਲ ਅਗਲੇ ਗੁਰਪੁਰਬ ਤੱਕ ਇਸੇ ਤਰ੍ਹਾਂ ਬੀਤ ਜਾਂਦਾ ਹੈ। ਜਨਵਰੀ ਮਹੀਨੇ ਵਿਚ ਜਾ ਕੇ ਸਾਨੂੰ ਹੌਲੀ-ਹੌਲੀ ਗੁਰੂ ਰਵਿਦਾਸ ਜੀ ਦੀ ਯਾਦ ਆਉਣ ਲਗਦੀ ਹੈ ਜਿਹੜੀ ਕੁਝ ਦਿਨਾਂ ਦੇ ਰੌਲੇ-ਰੱਪੇ ਤੋਂ ਬਾਅਦ ਗੁਆਚ ਜਾਂਦੀ ਹੈ। ਪਿੰਡ ਮੁਹੱਲੇ ਵਿਚ ਕੁਝ ਸੱਜਣ ਅਜਿਹੇ ਵੀ ਹੁੰਦੇ ਹਨ ਜਿਹੜੇ ਸਾਲ ਬਾਅਦ ਗੁਰੂ ਘਰ ਵੜਦੇ ਹਨ।

ਸਾਡੇ ਘਰਾਂ ਵਿਚ ਵਿਆਹ ਸ਼ਾਦੀ ਦੇ ਕਾਰਡ ਛਾਪੇ ਜਾਂਦੇ ਹਨ। ਪ੍ਰਿੰਟਿੰਗ ਪ੍ਰੈਸ ਵਾਲੇ ਰੁਟੀਨ ਵਿਚ ਜੋ ਛਾਪਦੇ ਹਨ ਉਹੀ ਛਾਪ ਦਿੰਦੇ ਹਨ। ਉਹ ਦੇਖ ਲੈਂਦੇ ਹਨ ਕਿ ਘਰ ਵਾਲਿਆਂ ਦੇ ਨਾਮ ਪਿੱਛੇ ਜੇਕਰ ਸਿੰਘ ਹੈ ਤਾਂ ਉਹ ੧ੴ ਸਤਿਗੁਰ ਪ੍ਰਸਾਦਿ॥ ਲਿਖ ਦਿੰਦੇ ਹਨ, ਜੇਕਰ ਦਾਸ ਜਾਂ ਕੁਮਾਰ ਹੈ ਤਾਂ ਓਮ ਜਾਂ ਜੈ ਮਾਤਾ ਦੀ ਛਾਪ ਦਿੰਦੇ ਹਨ। ਗੁਰੂ ਰਵਿਦਾਸ ਮਿਸ਼ਨ ਦਾ ਤਾਂ ਕਿਤੇ ਨਾਮ ਹੀ ਨਹੀਂ ਹੁੰਦਾ। ਅਸੀਂ ਵਿਆਹ ਸ਼ਾਦੀਆਂ, ਹੋਰ ਖੁਸ਼ੀ ਤੇ ਗਮੀ ਦੇ ਮੌਕਿਆਂ 'ਤੇ ਧਾਰਮਿਕ ਸਮਾਗਮ ਕਰਾਉਂਦੇ ਹਾਂ, ਪਾਠ ਕਰਾਉਂਦੇ ਹਾਂ, ਲੰਗਰ ਲਗਾਉਂਦੇ ਹਾਂ ਇਸ ਵਿਚ ਗੁਰੂ ਰਵਿਦਾਸ ਜੀ ਨੂੰ ਕਿਤੇ ਵੀ ਕੋਈ ਅਹਿਮੀਅਤ ਨਹੀਂ ਦਿੱਤੀ ਜਾਂਦੀ। ਘਰ ਵਿਚ ਪਾਠ-ਕੀਰਤਨ ਕਰਨ ਲਈ ਸੱਦੇ ਪਾਠੀ ਆਪਣੇ ਰੋਜ਼ਾਨਾ ਕਾਰ ਵਿਹਾਰ ਦੀ ਤਰ੍ਹਾਂ ਪਾਠ ਕੀਰਤਨ ਕਰਕੇ ਚਲੇ ਜਾਂਦੇ ਹਨ। ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਬਹੁਤ ਘੱਟ ਹੁੰਦਾ ਹੈ। 'ਤੇ ਨਾ ਹੀ ਘਰ ਵਾਲੇ' ਪਾਠੀ ਸਾਹਿਬਾਨ ਨੂੰ ਅਜਿਹਾ ਕਰਨ ਦੀ ਬੇਨਤੀ ਕਰਦੇ ਹਨ। ਉਹ ਤਾਂ ਆਪਣੇ ਕੰਮਾਂ ਵਿਚ ਹੀ ਰੁੱਝੇ ਹੁੰਦੇ ਹਨ। ਭਾਈ! ਜਿਸ ਗੁਰੂ ਨੇ ਤੁਹਾਡੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਹਨ ਉਸ ਨੂੰ ਤਾਂ ਅਜਿਹੇ ਸਮਿਆਂ 'ਤੇ ਯਾਦ ਕਰਿਆ ਕਰੋ। ਸੋ ਗੁਰਪੁਰਬ ਮਨਾਉਣ ਤੋਂ ਬਾਅਦ ਸਾਨੂੰ ਹੇਠ ਲਿਖੀਆਂ ਗੱਲਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ :—

- ਗੁਰੂ ਘਰ ਵਿਚ ਗੁਰੂ ਰਵਿਦਾਸ ਮਰਯਾਦਾ ਦੇ ਨਿਪੁੰਨ ਪਾਠੀ ਰੱਖਣੇ ਚਾਹੀਦੇ ਹਨ।
- ਗੁਰਪੁਰਬ ਤੋਂ ਬਾਅਦ ਗੁਰੂ ਘਰ ਵਿਚ ਰੋਜ਼ਾਨਾ ਅੰਮ੍ਰਿਤ ਵੇਲੇ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਸ਼ਬਦ ਪੜ੍ਹਨੇ ਚਾਹੀਦੇ ਹਨ।
- ਹਰੇਕ ਐਤਵਾਰ ਗੁਰੂ ਘਰ ਵਿਚ ਸ਼ਬਦ ਕੀਰਤਨ, ਸ਼ਬਦ ਵਿਚਾਰ ਤੇ ਗੁਰੂ ਰਵਿਦਾਸ ਵਿਚਾਰਧਾਰਾ ਦਾ ਪ੍ਰਚਾਰ ਹੋਣਾ ਚਾਹੀਦਾ ਹੈ।
- ਹਰੇਕ ਸੰਗਰਾਂਦ 'ਤੇ ਗੁਰੂ ਘਰ ਵਿਚ ਦੀਵਾਨ ਸਜਾਉਣੇ ਚਾਹੀਦੇ ਹਨ। ਇਸ ਵਾਸਤੇ ਨਿਸ਼ਕਾਮ ਰਾਗੀਆਂ ਦੀ ਸੇਵਾ ਲਈ ਜਾ ਸਕਦੀ ਹੈ।
- ਗੁਰਪੁਰਬ ਤੋਂ ਇਲਾਵਾ ਸਾਲ ਵਿਚ ਘੱਟੋ-ਘੱਟ ਦੋ ਹੋਰ ਸਮਾਗਮ ਕਰਨੇ ਚਾਹੀਦੇ ਹਨ ਜਿਸ ਵਿਚ ਚੰਗੇ-ਚੰਗੇ ਰਾਗੀ, ਪ੍ਰਚਾਰਕ ਤੇ ਸੰਤ ਜਨ ਸੱਦਣੇ ਚਾਹੀਦੇ ਹਨ।
- ਹਫ਼ਤੇ ਵਿਚ ਦੋ ਵਾਰ ਗੁਰੂ ਘਰ ਵਿਚ ਛੋਟੇ ਬੱਚਿਆਂ ਨੂੰ ਗੁਰੂ ਮਿਸ਼ਨ ਨਾਲ ਜੋੜਨ ਲਈ ਕਲਾਸਾਂ ਲਗਾਉਣੀਆਂ ਚਾਹੀਦੀਆਂ ਹਨ।
- ਗੁਰੂ ਘਰ ਵਿਚ ਹਰਮੋਨੀਅਮ, ਤਬਲਾ, ਪਾਠ, ਕੀਰਤਨ ਸਿਖਾਉਣ ਲਈ ਟੀਚਰ ਰੱਖਿਆ ਜਾਵੇ, ਜਿਹੜਾ ਚਾਹਵਾਨ ਗੁਰੂ ਪ੍ਰੇਮੀਆਂ ਨੂੰ ਇਹ ਮੁਫਤ ਸਿੱਖਿਆ ਦੇਵੇ। ਇਸ ਤਰ੍ਹਾਂ ਕਰਨ ਨਾਲ ਨਿਸ਼ਕਾਮ ਰਾਗੀ ਪ੍ਰਚਾਰਕ ਪੈਦਾ ਹੋ ਜਾਣਗੇ।
- ਗੁਰੂ ਘਰ ਵਿਚ ਗੁਰੂ ਰਵਿਦਾਸ ਜੀ ਦਾ ਜੋਤੀ ਜੋਤ ਪੁਰਬ ਵੀ ਮਨਾਉਣਾ ਚਾਹੀਦਾ ਹੈ।
- ਘਰ ਦੇ ਕਾਰ-ਵਿਹਾਰ ਕਰਕੇ ਵੀ ਗੁਰੂ ਰਵਿਦਾਸ ਜੀ ਨੂੰ ਨਾ ਭੁੱਲੋ।

- ਘਰ ਵਿਚ ਲੜਕੇ-ਲੜਕੀ ਦੇ ਵਿਆਹ ਅਤੇ ਹੋਰ ਖੁਸ਼ੀ ਦੇ ਸਮਾਗਮ ਗੁਰੂ ਰਵਿਦਾਸ ਚਰਨਾਂ ਵਿਚ ਅਰਦਾਸ ਕਰਕੇ ਆਗਿਆ ਲੈ ਕੇ ਹੀ ਸ਼ੁਰੂ ਕਰੋ ਤੇ ਗੁਰੂ ਜੀ ਨੂੰ ਮਨ ਵਿਚ ਵਸਾ ਕੇ ਆਪਣੇ ਕਾਰਜ ਕਰੋ। ਕਾਰਜਾਂ ਦੀ ਸਮਾਪਤੀ 'ਤੇ ਸ਼ੁਕਰਾਨੇ ਵਜੋਂ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰੋ, ਪ੍ਰਸ਼ਾਦ ਵੰਡੋ ਜਾਂ ਗੁਰੂ ਰਵਿਦਾਸ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ 'ਤੇ ਜਾ ਕੇ ਉਸ ਚਰਨ ਧੂੜੀ ਨੂੰ ਮਸਤਕ ਨਾਲ ਲਗਾ ਕੇ ਸ਼ੁਕਰਾਨਾ ਕਰੋ।
- ਕਾਰਡ ਵਗੈਰਾ ਛਪਾਉਂਦੇ ਸਮੇਂ ਉੱਪਰ ਜੈ ਗੁਰਦੇਵ, ਧੰਨ ਧੰਨ ਗੁਰੂ ਰਵਿਦਾਸ ਜੀ ਜਾਂ ਗੁਰੂ ਜੀ ਦੀ ਬਾਣੀ ਦੇ ਮਹਾਂਵਾਕ ਲਿਖਾਓ।
- ਸਮੇਂ-ਸਮੇਂ 'ਤੇ ਆਪਣੇ ਘਰਾਂ ਵਿਚ ਗੁਰੂ ਰਵਿਦਾਸ ਸਤਸੰਗ ਕਰਵਾਓ।
- ਘਰ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਜ਼ਰੂਰ ਰੱਖੋ। ਸਵੇਰੇ ਸ਼ਾਮ ਸਾਰਾ ਪਰਿਵਾਰ ਗੁਰੂ ਬਾਣੀ ਦਾ ਜਾਪ ਕਰੇ। ਜੋ ਪੜ੍ਹ ਨਹੀਂ ਸਕਦਾ ਉਹ ਦੂਜਿਆਂ ਤੋਂ ਸੁਣੇ।
- ਸਕੂਟਰ ਜਾਂ ਮੋਟਰ ਗੱਡੀ ਖ੍ਰੀਦਣ ਤੋਂ ਬਾਅਦ ਉੱਪਰ ਗੁਰੂ ਰਵਿਦਾਸ ਮਿਸ਼ਨ ਦਾ ਚਿੰਨ੍ਹ ਜਾਂ ਗੁਰੂ ਜੀ ਦਾ ਨਾਮ ਸਤਿਕਾਰ ਸਹਿਤ ਲਿਖਾਓ।
- ਆਪਣੀਆਂ ਦੁਕਾਨਾਂ ਜਾਂ ਫੈਕਟਰੀਆਂ ਦਾ ਨਾਮ ਅਜਿਹਾ ਰੱਖੋ ਜਿਹੜਾ ਗੁਰੂ ਰਵਿਦਾਸ ਜਾਂ ਉਹਨਾਂ ਦੇ ਮਿਸ਼ਨ ਨਾਲ ਸੰਬੰਧਿਤ ਹੋਵੇ।
- ਜਦੋਂ ਵੀ ਦੋ ਗੁਰੂ ਰਵਿਦਾਸ ਪ੍ਰੇਮੀ ਆਪਸ ਵਿਚ ਮਿਲਣ ਤਾਂ ਮਿਲਣ ਵਾਲਾ ਪਹਿਲਾ ਸੱਜਣ ਜੈ ਗੁਰਦੇਵ ਬੋਲੇ ਤੇ ਦੂਸਰਾ ਧੰਨ ਗੁਰਦੇਵ ਕਹਿ ਕੇ ਗੁਰੂ ਸਾਹਿਬਾਂ ਨੂੰ ਨਿਵਾਜੇ।

ਸੋ ਸਾਨੂੰ ਗੁਰਪੁਰਬ ਮਨਾਉਣ ਤੋਂ ਬਾਅਦ ਸੁਸਰੀ ਵਾਂਗ ਸੌਂ ਨਹੀਂ ਜਾਣਾ ਚਾਹੀਦਾ। ਸਾਰਾ ਸਾਲ ਗੁਰੂ ਰਵਿਦਾਸ ਮਿਸ਼ਨ ਨਾਲ ਜੁੜੇ ਰਹਿਣਾ ਚਾਹੀਦਾ ਹੈ। ਜਿੱਥੇ ਅਸੀਂ ਮੜੀਆਂ ਮਸਾਣਾਂ ਜਾਂ ਹੋਰ ਜਗ੍ਹਾ 'ਤੇ ਦੀਵਾ ਕਰਨ ਜਾਂਦੇ ਹਾਂ ਜਾਂ ਹੋਰ ਕਰਮਕਾਂਡ ਕਰਦੇ ਹਾਂ, ਉਨ੍ਹਾਂ ਦੀ ਜਗ੍ਹਾ ਸਾਨੂੰ ਗੁਰੂ ਰਵਿਦਾਸ ਗੁਰੂ ਘਰ ਦੀ ਸੇਵਾ ਕਰਨੀ ਚਾਹੀਦੀ ਹੈ। ਗੁਰੂ ਵਿਚਾਰਧਾਰਾ ਅਨੁਸਾਰ ਜੀਵਨ ਜੀਊਣਾ ਚਾਹੀਦਾ ਹੈ।

* * *

## ਸਤਿ ਨਾਮ ਹੈ ਹਰਿ ਭੋਗ ਤੁਹਾਰੇ ॥

*—ਚਰਨਜੀਤ ਸਿੰਘ, ਬਿਨਪਾਲਕੇ, ਜਲੰਧਰ*

ਹਿੰਦੂ ਮੱਤ ਅਨੁਸਾਰ ਬ੍ਰਹਮਾ ਸ੍ਰਿਸ਼ਟੀ ਪੈਦਾ ਕਰਦਾ ਹੈ, ਵਿਸ਼ਨੂੰ ਪਾਲਦਾ ਹੈ ਤੇ ਮਹਾਂਦੇਵ (ਸ਼ਿਵਜੀ) ਸ੍ਰਿਸ਼ਟੀ ਦਾ ਸੰਘਾਰ (ਮਾਰਦਾ) ਕਰਦਾ ਹੈ ਤੇ ਇਸ ਮੱਤ ਵਿਚ ਇਨ੍ਹਾਂ ਨੂੰ ਭਗਵਾਨ ਮੰਨ ਕੇ ਪੂਜਿਆ ਜਾਂਦਾ ਹੈ। ਪ੍ਰੰਤੂ ਗੁਰੂ ਰਵਿਦਾਸ ਇਸ ਵਿਚਾਰਧਾਰਾ ਨੂੰ ਨਹੀਂ ਮੰਨਦੇ। ਗੁਰੂ ਰਵਿਦਾਸ ਜੀ ਨੇ ਆਪਣੀ ਮਲਾਰ ਬਾਣੀ ਵਿਚ ਇਸ ਵਿਚਾਰਧਾਰਾ ਨੂੰ ਨਾ ਮੰਨਣ 'ਤੇ ਇਸ ਦੀ ਥਾਂ ਆਪਣੀ ਨਵੀਂ ਨਰੋਈ ਤੇ ਵਿਗਿਆਨਕ ਵਿਚਾਰਧਾਰਾ ਮਨੁੱਖਤਾ ਅੱਗੇ ਰੱਖੀ ਹੈ। ਫੁਰਮਾਨ ਹੈ :

**ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ,**
**ਤਾਸ ਸਮਤੁਲਿ ਨਹੀ ਆਨ ਕੋਊ ॥** *(ਗੁਰੂ ਗ੍ਰੰਥ ਸਾਹਿਬ ਪੰਨਾ ੧੨੯੩)*

ਭਾਵ—ਜੋ ਪਾਰਬ੍ਰਹਮ ਪ੍ਰਭੂ ਦਾ ਸਿਮਰਨ ਕਰਦੇ ਹਨ ਉਹਨਾਂ ਦੇ ਬਰਾਬਰ 'ਪਦਮ ਕਵਲਾਸ ਪਤਿ' ਭਾਵ ਪਦਮਾ ਦਾ ਪਤੀ ਵਿਸ਼ਨੂੰ ਤੇ ਕੈਲਾਸ਼ ਦਾ ਪਤੀ ਸ਼ਿਵਜੀ, 'ਆਨ ਕੋਊ' ਕੋਈ ਹੋਰ ਦੂਜਾ (ਬ੍ਰਹਮਾ) ਵੀ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵਰਣਨ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ,

ਜਿਨ ਬ੍ਰਹਮਾ ਬਿਸਨ ਮਹਾਦੇਉ ਛਲੀਆ ॥ *(ਗੁਰੂ ਗ੍ਰੰਥ ਸਾਹਿਬ, ਪੰਨਾ ੪੮੦)*

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ, ਰੋਗੀ ਸਗਲ ਸੰਸਾਰਾ ॥

*(ਗੁਰੂ ਗ੍ਰੰਥ ਸਾਹਿਬ ਪੰਨਾ ੧੧੫੩)*

ਹੁਣ ਗੁਰੂ ਰਵਿਦਾਸ ਉਪਰੋਕਤ ਸ਼ਬਦ ਦੇ ਇਸੇ ਬੰਦ ਵਿਚ ਹੀ ਮਨੁੱਖਤਾ ਨੂੰ ਆਪਣਾ ਮੱਤ ਪ੍ਰਦਾਨ ਕਰਦੇ ਹਨ—

ਏਕ ਹੀ ਏਕ ਅਨੇਕ ਹੋਇ ਬਸਥਰਿਓ,

ਆਨ ਰੇ ਆਨ ਭਰਪੂਰਿ ਸੋਊ ॥

ਪਾਰਬ੍ਰਹਮ ਕੇਵਲ ਤੇ ਕੇਵਲ ਇਕ ਹੈ ਤੇ ਉਹ ਅਨੇਕਾਂ ਰੂਪ ਧਾਰ ਕੇ ਭਾਵ ਸ੍ਰਿਸ਼ਟੀ ਸਿਰਜ ਕੇ ਇਸ ਦੇ ਕਣ-ਕਣ ਵਿਚ ਵਿਚਰ ਰਿਹਾ ਹੈ।

ਇਸ ਪਾਰਬ੍ਰਹਮ ਪ੍ਰਭੂ ਨੂੰ ਅਨੇਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਪ੍ਰਭੂ ਨੂੰ ਰਾਮ, ਗੁਸਈਆ, ਗੋਬਿੰਦ, ਮਾਧੋ, ਸੁਆਮੀ, ਪਤਿਤਪਾਵਨ, ਨਾਇਕ, ਮੁਰਾਰਿ, ਮਾਧਵਾ, ਰਮਈਏ, ਰਾਜਾ ਰਾਮ ਚੰਦ ਅਤੇ ਹੋਰ ਨਾਵਾਂ ਨਾਲ ਸੰਬੋਧਨ ਕੀਤਾ ਹੈ। ਕੁਝ ਸੱਜਣ ਗੁਰੂ ਰਵਿਦਾਸ ਜੀ ਦੀਆਂ ਪਾਵਨ ਤੁਕਾਂ, "ਰਾਜਾ ਰਾਮ ਕੀ ਸੇਵ ਨ ਕੀਨੀ" "ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ" ਤੇ ਕਹਿ ਰਵਿਦਾਸ ਸਭੈ ਜਗੁ ਲੂਟਿਆ ॥ ਹਮ ਤਉ ਏਕ ਰਾਮੁ ਕਹਿ ਛੂਟਿਆ" ॥ ਆਦਿ ਤੋਂ ਗੁਰੂ ਜੀ ਨੂੰ ਦਸ਼ਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਦੇ ਭਗਤ ਸਮਝਦੇ ਹਨ ਜੋ ਕਿ ਠੀਕ ਨਹੀਂ ਹੈ। ਗੁਰੂ ਜੀ ਨੇ ਇਹ ਨਾਂਅ ਪਾਰਬ੍ਰਹਮ ਪ੍ਰਭੂ ਨੂੰ ਸੰਬੋਧਨ ਕਰਨ ਲਈ ਹੀ ਵਰਤੇ ਹਨ। ਇਸ ਬਾਬਤ ਪ੍ਰੋ. ਸਾਹਿਬ ਸਿੰਘ ਗੁਰੂ ਰਵਿਦਾਸ ਜੀ ਦੇ ਸ਼ਬਦ "ਤੁਮ ਚੰਦਨ ਹਮ ਇਰੰਡ ਬਾਪੁਰੇ......।" ਦਾ ਟੀਕਾ ਕਰਦੇ ਹੇਠਾਂ ਫੁਟ ਨੋਟ ਦਿੰਦੇ ਲਿਖਦੇ ਹਨ—ਇਸ ਸ਼ਬਦ ਵਿਚ ਵਰਤੇ ਲਫਜ਼ 'ਰਾਜਾ ਰਾਮ' ਤੋਂ ਇਹ ਅੰਦਾਜ਼ਾ ਲਾਉਣਾ ਗ਼ਲਤ ਹੈ ਕਿ ਰਵਿਦਾਸ ਜੀ ਸ੍ਰੀ ਰਾਮ ਅਵਤਾਰ ਦੇ ਪੁਜਾਰੀ ਸਨ। ਜਿਸ ਸਰਬ ਵਿਆਪਕ ਮਾਲਕ ਨੂੰ ਉਹ ਅਖੀਰਲੀ ਤੁਕ ਵਿਚ ਰਾਜਾ ਰਾਮ ਆਖਦੇ ਹਨ ਉਸੇ ਨੂੰ ਉਹ ਰਹਾਉ ਦੀ ਪੰਕਤੀ ਵਿਚ ਮਾਧਉ ਆਖਦੇ ਹਨ। ਜੇ ਅਵਤਾਰ ਪੂਜਾ ਦੀ ਤੰਗ-ਦਿਲੀ ਵੱਲ ਜਾਈਏ ਤਾਂ ਲਫ਼ਜ਼ ਮਾਧਉ ਕ੍ਰਿਸ਼ਨ ਜੀ ਦਾ ਨਾਮ ਹੈ। ਸ੍ਰੀ ਰਾਮਚੰਦਰ ਦਾ ਪੁਜਾਰੀ ਆਪਣੇ ਪੂਜਨ ਅਵਤਾਰ ਨੂੰ ਕ੍ਰਿਸ਼ਨ ਜੀ ਦੇ ਨਾਮ ਨਾਲ ਨਹੀਂ ਬੁਲਾ ਸਕਦਾ। ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਰਾਮ ਅਤੇ ਮਾਧਉ ਉਸ ਪ੍ਰਭੂ ਦੇ ਹੀ ਨਾਮ ਹਨ ਜੋ ਮਾਇਆ ਵਿਚ ਵਿਆਪਕ (ਰਾਮ) ਅਤੇ ਮਾਇਆ ਦਾ ਖਸਮ (ਮਾਧਉ) ਹੈ।

ਗੁਰੂ ਰਵਿਦਾਸ ਜੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਇਸ ਦਾ ਸਪੱਸ਼ਟ ਨਿਰਣਾ ਦਿੰਦੇ ਹੁਕਮ ਕਰਦੇ ਹਨ :

ਰਵਿਦਾਸ ਹਮਾਰੇ ਰਾਮ ਜੀ, ਦਸ਼ਰਥ ਕਾ ਸੁਤ ਨਾਂਹੀ ॥

ਰਾਮ ਹਮੀਂ ਮਹਿ ਰਮਿ ਰਹਯੋ, ਵਿਸ਼ਵ ਕੁਟੰਬ ਮਾਹਿ ॥

*(ਪੁਸਤਕ ਸਤਿਗੁਰ ਰਵਿਦਾਸ ਜੀ, ਪੰਨਾ 140)*

ਇਸ ਤਰ੍ਹਾਂ ਗੁਰੂ ਜੀ ਨੇ ਪਾਰਬ੍ਰਹਮ ਲਈ ਅਨੇਕਾਂ ਨਾਮ ਵਰਤੇ ਹਨ। ਪ੍ਰੰਤੂ ਪ੍ਰਭੂ ਦਾ ਅਸਲੀ ਨਾਮ, ਭਾਵ ਸੰਪੂਰਨ ਨਾਮ ਕਿਹੜਾ ਹੈ? ਇਸ ਦਾ ਉੱਤਰ ਗੁਰੂ ਜੀ ਧਨਾਸਰੀ ਰਾਗ ਵਿਚ ਉਚਾਰੇ ਆਰਤੀ ਵਾਲੇ ਸ਼ਬਦ ਵਿਚ ਇੰਜ ਦਿੰਦੇ ਹਨ :

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ,

ਸਤਿ ਨਾਮ ਹੈ ਹਰਿ ਭੋਗ ਤੁਹਾਰੇ ॥ *(ਗੁਰੂ ਗ੍ਰੰਥ ਸਾਹਿਬ, ਪੰਨਾ ੬੯੪)*

ਗੁਰੂ ਜੀ ਪ੍ਰਭੂ ਨੂੰ ਸੰਬੋਧਨ ਕਰਕੇ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਜੀ! ਤੇਰਾ ਨਾਮ ਸਿਮਰਨ ਹੀ ਤੇਰੀ ਆਰਤੀ ਹੈ ਤੇ ਤੇਰੇ ਸਤਿਨਾਮ ਭਾਵ ਸਦੀਵੀ ਸਤਨ ਰਹਿਣ ਵਾਲੇ (ਤਿੰਨਾਂ ਕਾਲਾਂ ਭੂਤਕਾਲ, ਵਰਤਮਾਨ ਕਾਲ ਤੇ ਭਵਿੱਖ ਕਾਲ ਵਿਚ ਸੱਚ ਰਹਿਣ ਵਾਲੇ) ਨਾਮ ਦਾ ਹੀ ਮੈਂ ਤੈਨੂੰ ਭੋਗ ਲਗਾਉਂਦਾ ਹਾਂ ਭਾਵ ਪ੍ਰਭੂ ਦਾ ਅਸਲੀ ਨਾਮ ਕੇਵਲ ਸਤਿਨਾਮ ਹੀ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਆਪਣੇ ਪੈਰੋਕਾਰਾਂ (ਸ਼ਿਸ਼ਾਂ) ਨੂੰ ਜਾਪ ਕਰਨ ਵਾਸਤੇ 'ਸਤਿਨਾਮ' ਦਾ ਹੀ ਗੁਰ ਮੰਤਰ ਦਿੰਦੇ ਸਨ।

ਸ਼ਾਇਦ ਇਸੇ ਕਰਕੇ ਗੁਰੂ ਜੀ ਨੇ ਇਸ ਪਾਵਨ ਸ਼ਬਦ ਨੂੰ ਆਪਣੀ ਬਾਣੀ ਵਿਚ ਨਿਖੇੜ ਕੇ ਲਿਖਿਆ ਹੈ। "ਸਤਿ ਨਾਮ"

ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਸਰੂਪ ਦੀ ਸਿਰਜਣਾ ਕਰਦਿਆਂ ਮੂਲ ਮੰਤਰ ਵਿਚ ਪ੍ਰਭੂ ਦੇ ਨਾਮ ਨੂੰ "ਸਤਿਨਾਮ" ਲਿਖਿਆ ਹੈ।

"੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ"

ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਫਰਮਾਨ ਨਾਲ "ਸਤਿਨਾਮ" ਦੀ ਮਹਾਨਤਾ ਦ੍ਰਿੜ ਹੋ ਜਾਂਦੀ ਹੈ। ਤੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਪਾਰਬ੍ਰਹਮ ਪ੍ਰਭੂ ਦੇ ਅਨੇਕਾਂ ਨਾਮ ਹਨ ਪਰ 'ਸਤਿਨਾਮ' ਹੀ ਉਸ ਦਾ ਅਸਲੀ ਤੇ ਸੰਪੂਰਨ ਨਾਮ ਹੈ।

**ਕਿਰਤਨ ਨਾਮ ਕਥੇ ਤੇਰੇ ਜਿਹਬਾ॥**
**ਸਤਿਨਾਮੁ ਤੇਰਾ ਪਰਾ ਪੂਰਬਲਾ॥** *(ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੨)*

* * *

# ਸ੍ਰੀ ਗੁਰੂ ਰਵਿਦਾਸ ਜੀ ਦਾ ਇਨਕਲਾਬੀ ਪੱਖ

*—ਅਮਰਜੀਤ ਸਿੰਘ ਬਿੱਲਾ ਮੈਂਬਰ ਪੰਚਾਇਤ ਪਿੰਡ ਲੰਗੜੋਆ*

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਪੜ੍ਹ ਕੇ ਇਹ ਗਿਆਤ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਛੂਆਛਾਤ ਦੇ ਹਾਮੀ ਧਰਮ ਦੇ ਠੇਕੇਦਾਰਾਂ ਨਾਲ ਸਿੱਧੀ ਲੜਾਈ ਲੜੀ। ਗੁਰੂ ਜੀ ਦੀਆਂ ਦਲੀਲਾਂ ਅੱਗੇ ਧਰਮ ਦੇ ਠੇਕੇਦਾਰ ਹਾਰਦੇ ਰਹੇ। ਗੁਰੂ ਜੀ ਨੇ ਦੱਬੇ ਕੁਚਲੇ ਸਮਾਜ ਦੇ ਲੋਕਾਂ ਨੂੰ ਕਿਹਾ ਕਿ

**"ਸਤ ਸੰਗਤਿ ਮਿਲਿ ਰਹੀਐ ਮਾਧਉ**
**ਜੈਸੇ ਮਧੁਪ ਮਖੀਰਾ"॥**

ਭਾਵ ਕਿ ਮੇਰੇ ਸਮਾਜ ਦੇ ਲੋਕੋ ਜਿਵੇਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਹੋ ਕੇ ਛੱਤੇ 'ਤੇ ਰਹਿੰਦੀਆਂ ਹਨ ਇਸ ਤਰ੍ਹਾਂ ਇਕੱਠੇ ਹੋ ਕੇ ਰਹੋ। ਜਿਸ ਤਰ੍ਹਾਂ ਛੱਤੇ ਵਿਚ ਜੇ ਕੋਈ ਡੀਮ ਮਾਰਦਾ ਹੈ ਤਾਂ ਕੋਈ ਵੀ ਮੱਖੀ ਇਹ ਨਹੀਂ ਸੋਚਦੀ ਕਿ ਜਿਸਦੇ ਡੀਮ ਲੱਗੀ ਹੈ ਉਹੀ ਉੱਠ ਕੇ ਉਸਦੇ ਲੜੇ, ਸਾਰੀਆਂ ਮੱਖੀਆਂ ਇਕੋ ਵਾਰੀ ਦੁਸ਼ਮਣ 'ਤੇ ਟੁੱਟ ਕੇ ਪੈ ਜਾਂਦੀਆਂ ਹਨ। ਗੁਰੂ ਜੀ ਨੇ ਆਪਣੇ ਸਮਾਜ ਦੇ ਲੋਕਾਂ ਨੂੰ ਸੰਦੇਸ਼ ਦੇਣ ਲਈ ਸ਼ਹਿਦ ਦੀਆਂ ਮੱਖੀਆਂ ਦੀ ਬਹੁਤ ਵਾਰ ਉਦਾਹਰਣ ਦਿੱਤੀ ਹੈ ਕਿ ਮੇਰੇ ਸਮਾਜ ਦੇ ਲੋਕੋ ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਹੋ ਕੇ ਰਹਿੰਦੀਆਂ ਹਨ, ਇਸ ਤਰ੍ਹਾਂ ਇਕੱਠੇ ਹੋ ਕੇ ਰਹੋ ਤਾਂ ਕਿ ਦੁਸ਼ਮਣ ਤੁਹਾਡੇ 'ਤੇ ਹਮਲਾ ਨਾ ਕਰੇ। ਜੇ ਕਰੇ ਤਾਂ ਬਚ ਕੇ ਨਾ ਨਿਕਲੇ। ਇਸੇ ਤਰ੍ਹਾਂ ਗੁਰੂ ਜੀ ਆਪਣੇ ਸਮਾਜ ਦੇ ਲੋਕਾਂ ਨੂੰ ਗੁਲਾਮੀ ਤੋਂ ਮੁਕਤ ਹੋਣ ਦਾ ਸੰਦੇਸ਼ ਦਿੰਦੇ ਹਨ ਕਿ :

"ਪ੍ਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਕੋ ਕੌਨ ਕਰੈ ਹੈ ਪ੍ਰੀਤ॥
ਪ੍ਰਾਧੀਨ ਕਾ ਦੀਨ ਕਿਆ ਪ੍ਰਾਧੀਨ ਬੇਦੀਨ।
ਰਵਿਦਾਸ ਪ੍ਰਾਧੀਨ ਕਉ ਸਭ ਹੀ ਸਮਝੇ ਹੀਨ।

ਭਾਵ ਕਿ ਗੁਲਾਮ ਰਹਿਣਾ ਪਾਪ ਹੈ। ਜੇ ਕਿਸੇ ਨੂੰ ਗੁਲਾਮ ਰੱਖਣਾ ਪਾਪ ਹੈ ਤਾਂ ਗੁਲਾਮ ਹੋ ਕੇ ਰਹਿਣਾ ਵੀ ਪਾਪ ਹੈ। ਅੱਗੇ ਗੁਰੂ ਜੀ ਕਹਿੰਦੇ ਹਨ ਕਿ ਗੁਲਾਮ ਮਨੁੱਖ ਜੋ ਅਛੂਤ ਸ਼ੂਦਰ ਵੀ ਹੈ ਜੋ ਕਿਸੇ ਦੇ ਖੇਤਾਂ 'ਤੇ ਨਿਰਭਰ ਹੈ। ਉਸ ਦਾ ਆਪਣਾ ਕੋਈ ਦੀਨ ਧਰਮ ਵੀ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਸਾਰੀ ਉਮਰ ਮਾਲਕਾਂ ਦੇ ਖੇਤਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ, ਇਸ ਕਰਕੇ ਉਹ ਮਾਲਕ ਦੇ ਧਰਮ ਦੀ ਗਿਣਤੀ ਵਿਚ ਵਾਧਾ ਕਰਨ ਵਾਲਾ ਹੀਣਾ ਮਨੁੱਖ ਹੁੰਦਾ ਹੈ। ਅੱਗੇ ਗੁਰੂ ਜੀ ਆਪਣੇ ਲੋਕਾਂ ਲਈ ਰਾਜ ਦੀ ਕਲਪਨਾ ਕਰਦੇ ਹਨ ਕਿ ਰਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ—

**ਐਸਾ ਚਾਹੋਂ ਰਾਜ ਮੈ, ਜਹਾਂ ਮਿਲੇ ਸਬਨ ਕੋ ਅੰਨ॥**
**ਛੋਟ ਬੜੋ ਸਭ ਸਮ ਬਸੇ ਰਵਿਦਾਸ ਰਹੇ ਪ੍ਰਸੰਨ॥**

ਭਾਵ ਕਿ ਮੈਂ ਇਹੋ ਜਿਹਾ ਰਾਜ ਚਾਹੁੰਦਾ ਹਾਂ ਕਿ ਜਿੱਥੇ ਸਭ ਨੂੰ ਰੋਟੀ, ਕੱਪੜਾ ਤੇ ਮਕਾਨ ਮਿਲੇ। ਕੋਈ ਭੁੱਖਾ ਨਾ ਰਹੇ, ਕੋਈ ਨੰਗਾ ਨਾ ਰਹੇ। ਹਰ ਇਕ ਦੇ ਸਿਰ 'ਤੇ ਛੱਤ ਹੋਣੀ ਚਾਹੀਦੀ ਹੈ। ਕਿਸੇ ਤਰ੍ਹਾਂ ਦਾ ਕੋਈ ਭੇਦ ਭਾਵ ਨਹੀਂ ਹੋਣਾ ਚਾਹੀਦਾ। ਛੋਟੇ-ਵੱਡੇ ਸਾਰੇ ਹੀ ਬਰਾਬਰ ਵੱਸਣੇ ਚਾਹੀਦੇ ਹਨ ਤਾਂ ਮੈਂ ਬਹੁਤ ਖੁਸ਼ ਹਾਂ, ਬਹੁਤ ਪ੍ਰਸੰਨ ਹਾਂ। ਲੇਕਿਨ ਭਾਰਤ ਦੀ ਧਰਤੀ 'ਤੇ ਅਜੇ ਤੱਕ ਇਹੋ ਜਿਹਾ ਰਾਜ ਨਹੀਂ ਵੱਸ ਸਕਿਆ। ਅਮਰੀਕਾ ਦੀ ਇਕ ਏਜੰਸੀ ਨੇ ਸਰਵੇਖਣ ਕੀਤਾ ਕਿ ਭਾਰਤ ਦੀ ਧਰਤੀ 'ਤੇ 22 ਕਰੋੜ ਲੋਕ ਰਾਤ ਦੀ ਰੋਟੀ ਤੋਂ ਭੁੱਖੇ ਸੌਂਦੇ ਹਨ। 22 ਕਰੋੜ ਲੋਕਾਂ ਦਾ ਰਾਤ ਦਾ ਚੁੱਲ੍ਹਾ ਨਹੀਂ ਤਪਦਾ। ਗੁਰੂ ਰਵਿਦਾਸ ਜੀ ਦਾ ਇਹ ਸੁਪਨਾ ਨਹੀਂ ਸੀ। ਅਸੀਂ ਆਪਣੇ ਬਜ਼ੁਰਗਾਂ ਦੇ ਸੰਘਰਸ਼ ਨੂੰ ਭੁਲਾ ਦਿੱਤਾ। ਅਸੀਂ ਆਪਣੇ ਬਜ਼ੁਰਗਾਂ ਦੇ ਇਤਿਹਾਸ ਨੂੰ ਨਹੀਂ ਪੜ੍ਹਿਆ। ਅਸੀਂ ਸਿਰਫ ਤੇ ਸਿਰਫ਼ ਲਕੀਰ ਦੇ ਫਕੀਰ ਬਣ ਕੇ ਜੀਅ ਰਹੇ ਹਾਂ ਸਿਰਫ ਜੂਨ ਪੂਰੀ ਕਰਨ ਲਈ।

ਅਸੀਂ ਸਾਲ ਬਾਅਦ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾ ਕੇ ਫਿਰ ਸਾਲ ਭਰ ਲਈ ਸੌਂ ਜਾਂਦੇ ਹਾਂ। ਗੁਰੂ ਜੀ ਦਾ ਜਨਮ ਦਿਨ ਵੀ ਸਿਰਫ ਲੰਗਰ ਛਕਣ ਲਈ ਮਨਾਉਂਦੇ ਹਾਂ। ਗੁਰੂ ਜੀ ਦੀ ਬਾਣੀ ਤੋਂ ਕੋਈ ਸੇਧ ਨਹੀਂ ਲੈਂਦੇ। ਸਾਨੂੰ ਗੁਰੂ ਜੀ ਦੇ ਜਨਮ ਦਿਨ 'ਤੇ ਸੰਕਲਪ ਲੈਣਾ ਚਾਹੀਦਾ ਹੈ ਕਿ ਗੁਰੂ ਜੀ ਦੀ ਵਿਚਾਰਧਾਰਾ ਘਰ-ਘਰ ਵਿਚ ਪਹੁੰਚਾਈਏ। ਗੁਰੂ ਜੀ ਅੱਗੇ ਕਹਿੰਦੇ ਹਨ ਕਿ :

**ਸੋ ਕਤ ਜਾਣੈ ਪੀਰ ਪਰਾਈ ਜਾ ਕੇ ਅੰਤਰ ਦਰਦ ਨ ਪਾਈ।**
**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥**

ਭਾਵ ਕਿ ਉਹ ਮਨੁੱਖ ਜਿਸ ਨੇ ਆਪਣੇ ਤਨ ਤੇ ਮਨ 'ਤੇ ਗੁਲਾਮੀ ਦੀ ਪੀੜ ਨਹੀਂ ਹੰਢਾਈ, ਉਹ ਦੂਜੇ ਦੁਖੀਆਂ ਦੀ ਪੀੜ ਦਾ ਅਨੁਭਵ ਕਿਵੇਂ ਕਰ ਸਕਦਾ ਹੈ। ਸਾਡੀ ਤਾਂ ਅਜਿਹੀ ਬੁਰੀ ਹਾਲਤ ਹੈ, ਅਜਿਹੀ ਅਪਮਾਨਜਨਕ ਅਤੇ ਤਰਸਯੋਗ ਹਾਲਤ ਹੈ ਕਿ ਉਤਲੇ ਲੋਕ ਸਾਡਾ ਮਖੌਲ ਉਡਾਉਂਦੇ ਹਨ, ਸਾਡੇ 'ਤੇ ਹੱਸਦੇ ਹਨ ਤੇ ਅਸੀਂ ਹਾਂ ਕਿ ਸਭ ਕੁਝ ਚੁੱਪਚਾਪ ਸਹਿਣ ਕਰਦੇ ਰਹਿੰਦੇ ਹਾਂ। ਗੁਰੂ ਜੀ ਅੱਗੇ ਕਹਿੰਦੇ ਹਨ ਕਿ :

**'ਖਸਮ ਛੋਡਿ ਦੂਜੇ ਲਗੇ। ਡੂਬੇ ਸੇ ਵਣਜਾਰਿਆ।'**

ਭਾਵ ਕਿ ਅਸੀਂ ਆਪਣੇ ਰਹਿਬਰ ਛੱਡੇ, ਮਹਾਂਪੁਰਖ ਛੱਡੇ, ਬਾਪ ਦਾਦੇ ਛੱਡੇ, ਵਿਰੋਧੀਆਂ ਦੀ ਕੀਰਤੀ ਕੀਤੀ, ਜਸ ਗਾਇਆ, ਵਾਰਾਂ ਗਾਈਆਂ, ਪੂਜਾ ਕੀਤੀ, ਨਮਸਕਾਰਾਂ ਕੀਤੀਆਂ, ਮੱਥੇ ਰਗੜੇ, ਅੱਡੀਆਂ ਰਗੜੀਆਂ, ਮੰਗਤੇ ਬਣੇ ਰਹੇ, ਬਸ ਇਸ ਕਰਕੇ ਸਾਡੀ ਬੌਧਿਕ ਗੁਲਾਮੀ ਨਹੀਂ

ਟੁੱਟੀ ਤੇ ਅਸੀਂ ਆਪਣੀ ਧਰਤੀ ਉੱਤੇ ਬਰਾਬਰ ਦੇ ਇਨਸਾਨ ਨਹੀਂ ਬਣ ਸਕੇ। ਮਨੁੱਖੀ ਬਰਾਬਰੀ ਦਾ ਅਧਿਕਾਰ ਵੀ ਹਾਸਲ ਨਹੀਂ ਕਰ ਸਕੇ, ਕਿਉਂਕਿ ਅਸੀਂ ਆਪਣੇ ਰਹਿਬਰਾਂ ਨੂੰ ਆਪਣੇ ਸੂਰਜਾਂ ਨੂੰ ਵੀ ਜਾਤੀਆਂ ਵਿਚ ਵੰਡ ਕੇ ਆਪਣੀ ਹਿੱਕ ਦੀ ਜਾਤੀ ਨਫ਼ਰਤ ਦਾ ਦੀਵਾ ਬਾਲ ਕੇ ਬੂਹਿਆਂ 'ਤੇ ਰੱਖ ਦਿੱਤਾ ਕਿ ਮੱਤ ਕੋਈ ਦੂਜਾ ਇਸ ਬੂਹੇ 'ਤੇ ਪੈਰ ਧਰੇ।

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜੇਕਰ ਸ਼ੂਦਰ ਗੁਣਾਂ ਵਿਚ ਪੂਰਾ ਹੈ ਤਾਂ ਉਸ ਦੇ ਚਰਨ ਪੂਜਣੇ ਚਾਹੀਦੇ ਹਨ। ਇਹ ਸ਼ਬਦ ਗੁਰੂ ਜੀ ਨੂੰ ਕਿਉਂ ਉਚਾਰਨੇ ਪਏ ਕਿਉਂਕਿ ਮਨੂੰ ਸਮਿਰਤੀ ਕਹਿੰਦੀ ਹੈ ਕਿ ਬ੍ਰਾਹਮਣ ਜਿੰਨਾ ਮਰਜ਼ੀ ਮੂਰਖ ਹੋਵੇ ਉਸ ਦੀ ਪੂਜਾ ਕਰਨੀ ਚਾਹੀਦੀ ਹੈ। ਸ਼ੂਦਰ ਜਿੰਨਾ ਮਰਜ਼ੀ ਸੁਚੱਜਾ ਤੇ ਵਧੀਆ ਇਨਸਾਨ ਕਿਉਂ ਨਾ ਹੋਵੇ ਉਸ ਦੀ ਪੂਜਾ ਨਹੀਂ ਕਰਨੀ ਚਾਹੀਦੀ। ਸ਼ੂਦਰ ਹਮੇਸ਼ਾ ਨਿੰਦਾ ਦੇ ਹੀ ਕਾਬਲ ਹੈ। ਇਸੇ ਕਰਕੇ ਗੁਰੂ ਰਵਿਦਾਸ ਜੀ ਨੂੰ ਧਰਮ ਦੇ ਠੇਕੇਦਾਰਾਂ ਨਾਲ ਥਾਂ-ਥਾਂ 'ਤੇ ਟੱਕਰ ਲੈਣੀ ਪਈ।

'ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮ ਤੁਮਾਰੇ ਲੇਖੇ।'

ਭਾਵ ਕਿ ਸਾਡੀਆਂ ਪੀੜ੍ਹੀਆਂ ਨੂੰ ਬਹੁਤ ਜਨਮਾਂ ਤੋਂ ਮਨੁੱਖੀ ਸਿਆਣਪਾਂ ਤੋਂ ਦੂਰ ਰੱਖਿਆ ਗਿਆ, ਦੁਰਕਾਰ ਕੇ ਪਰ੍ਹਾਂ ਕੀਤਾ ਗਿਆ। ਪ੍ਰੰਤੂ ਇਹ ਜਨਮ ਜਿਸ ਵਿਚ ਮੈਨੂੰ ਅਸਲੀਅਤ ਦੀ ਸਮਝ ਪੈ ਗਈ ਹੈ, ਜੋ ਮੇਰੇ ਬਾਪ ਦਾਦਿਆਂ ਨੂੰ ਨਹੀਂ ਪਈ ਸੀ, ਇਹ ਤੇਰੇ ਲੇਖੇ ਹੈ, ਤੇਰੇ ਜੀਵਾਂ ਦੇ ਲੇਖੇ ਹੈ ਤਾਂ ਕਿ ਬੇਗਮਪੁਰਾ ਵੱਸ ਸਕੇ। ਪਾਤਸ਼ਾਹੀ ਬਣ ਸਕੇ। ਗੁਰੂ ਜੀ ਜਿੱਥੇ ਬੇਗਮਪੁਰੇ ਦਾ ਸੰਕਲਪ ਲੈ ਕੇ ਤੁਰੇ, ਜਿੱਥੇ ਉਹਨਾਂ ਨੇ ਦੋਮ ਸੋਮ ਦੀ ਵਿਵਸਥਾ ਤੋਂ ਲੁਕਾਈ ਨੂੰ ਮੁਕਤ ਦੇਖਿਆ, ਜਿੱਥੇ ਉਹਨਾਂ ਨੇ ਸਮੂਹ ਲੋਕਾਂ ਨੂੰ ਅਮੀਰ ਤੇ ਸੁਖੀ ਵੇਖਿਆ ਉਥੇ ਬੇਗਮਪੁਰੇ ਦਾ ਅਗਲਾ ਸੰਕਲਪ ਸਿੱਧੇ ਸ਼ਬਦਾਂ ਵਿਚ ਪੇਸ਼ ਕੀਤਾ।

ਭਾਵ ਕਿ ਮੇਰੇ ਸ਼ਹਿਰ, ਮੇਰੇ ਵਤਨ ਜਿੱਥੇ ਸਭ ਮੇਰੇ ਮੀਤ ਹੋਣ ਜਿੱਥੇ ਰੰਗ ਨਸਲ ਜਾਤ ਵਰਨ ਤੇ ਊਚ-ਨੀਚ ਦਾ ਕੋਈ ਭਿੰਨ-ਭੇਦ ਨਾ ਹੋਏ, ਉਸ ਦਾ ਨਾਮ 'ਬੇਗਮਪੁਰਾ' ਹੈ। ਬੇਗਮਪੁਰਾ ਉਹ ਸਥਾਨ ਜਿੱਥੇ ਗਮ ਨਹੀਂ, ਦੁੱਖ, ਰੋਗ, ਭੈਅ, ਭ੍ਰਮ ਨਹੀਂ। ਜਿੱਥੇ ਚਿੰਤਾਵਾਂ ਨਹੀਂ, ਮਾਮਲੇ ਨਹੀਂ, ਕੰਗਾਲੀਆਂ ਨਹੀਂ। ਮੁਲਕ ਦੇ ਦੱਬੇ ਕੁਚਲੇ ਤੇ ਅਪਮਾਨਤ ਇਨਸਾਨ ਵੀ ਇੱਜ਼ਤ, ਮਾਣ ਤੇ ਸੁੱਖ ਸ਼ਾਂਤੀ ਨਾਲ ਰਹਿ ਸਕਣਗੇ। ਮਾਮਲੇ, ਡਰ, ਗਲਤੀਆਂ ਅਤੇ ਤਰਸੇਵੇਂ ਨਹੀਂ ਹੋਣਗੇ। ਮੈਨੂੰ ਵਤਨ ਦੀ ਬਹੁਤ ਗਹਿਰੀ ਸੋਝੀ ਮਿਲ ਗਈ ਹੈ। ਮੈਂ ਸਮਝ ਗਿਆ ਹਾਂ ਕਿ ਵਤਨ ਆਖਰ ਕਿਸਨੂੰ ਕਹਿੰਦੇ ਹਨ। ਮੇਰੇ ਵੀਰੋ ਉੱਥੇ ਸਦਾ ਖੈਰਾਂ ਮਿਹਰਾਂ ਰਹਿੰਦੀਆਂ ਹਨ, ਖੁਸ਼ੀਆਂ ਤੇ ਤੰਦਰੁਸਤੀਆਂ ਦੀ ਚਹਿਲ ਪਹਿਲ ਹੁੰਦੀ ਹੈ। ਸੁਖ ਚੈਨ ਅਤੇ ਸ਼ਾਂਤੀ ਸਦਾ ਵਿਚਰਦੀ ਹੈ। ਉੱਥੇ ਦੀ ਪਾਤਸਾਹੀ, ਉੱਥੇ ਦਾ ਰਾਜਪਾਠ, ਉੱਥੇ ਦੀ ਬਾਦਸ਼ਾਹਤ, ਉੱਥੇ ਦਾ ਲੋਕਤੰਤਰ, ਪਰਜਾਤੰਤਰ, ਜੋ ਲੋਕਾਂ ਦਾ ਆਪਣਾ ਹੋਵੇ, ਲੋਕਾਂ ਵਲੋਂ ਹੋਵੇ ਤੇ ਲੋਕਾਂ ਵਾਸਤੇ ਹੋਵੇ, ਉਸ ਦੀ ਕਾਇਮੀ ਸਦਾ ਰਹਿੰਦੀ ਹੈ, ਕਿਉਂਕਿ ਉਸ ਦਾ ਉਦੇਸ਼, ਉਸਦਾ ਮਨੋਰਥ, ਉਸ ਦਾ ਸੰਕਲਪ, ਸਮਾਜ ਦੀ ਸਮੁੱਚੀ ਭਲਾਈ ਵਾਸਤੇ ਸੇਧੇ ਹੁੰਦੇ ਹਨ। ਜਿੱਥੇ ਇਹ ਗੱਲ ਨਿਸਚਿਤ ਰੂਪ ਵਿਚ ਸਥਾਪਿਤ ਹੁੰਦੀ ਹੈ ਕਿ ਉਥੇ ਨਾ ਕੋਈ ਉੱਚੇ ਦਰਜੇ ਦਾ, ਨਾ ਨੀਵੇਂ ਦਰਜੇ ਦਾ, ਨਾ ਦੋ ਨੰਬਰ ਦਾ, ਨਾ ਤਿੰਨ ਜਾਂ ਚਾਰ ਨੰਬਰ, ਨਾ ਕੋਈ ਬ੍ਰਾਹਮਣ, ਨਾ ਕੋਈ ਕਸ਼ੱਤਰੀ, ਨਾ ਵੈਸ਼ ਤੇ ਨਾ ਸ਼ੂਦਰ ਹੁੰਦਾ ਹੈ। ਸਾਰੇ ਮਨੁੱਖ ਇਕ ਸਮਾਨ ਹੁੰਦੇ ਹਨ। ਕੋਈ ਊਚ-ਨੀਚ ਜਾਂ ਵਰਨ ਜਾਤ ਨਹੀਂ ਹੁੰਦੀ। ਉਹ ਵਤਨ, ਉਹ ਸ਼ਹਿਰ, ਉਹ ਪਾਤਸ਼ਾਹੀ, ਉਹ ਬੇਗਮਪੁਰਾ ਸਦਾ ਆਬਾਦ ਅਤੇ ਸਦਾ ਮਸ਼ਹੂਰ ਰਹਿੰਦਾ ਹੈ ਤੇ ਉਥੇ ਵਸਦੇ ਲੋਕ ਬੜੇ ਅਮੀਰ ਲੋਕ ਹੁੰਦੇ ਹਨ। ਧਨ ਦੇ ਅਮੀਰ ਤੇ ਦਿਲ ਦੇ ਅਮੀਰ। ਜਿਵੇਂ ਕਿਸੇ ਦਾ ਮਨ ਕਰੇ, ਜਿੱਥੇ ਕਿਸੇ ਦਾ ਮਨ ਕਰੇ, ਅਨੰਦ ਨਾਲ ਘੁੰਮ ਫਿਰ ਸਕਦਾ ਹੈ। ਕੋਈ ਜਗ੍ਹਾ ਕਿਸੇ ਲਈ ਅਛੂਤ ਨਹੀਂ ਹੁੰਦੀ। ਮੈਂ ਰਵਿਦਾਸ ਨਿਰੋਲ ਚੁਮਾਰ ਇਹ ਗੱਲ ਠੋਕ ਵਜਾ ਕੇ ਕਹਿੰਦਾ ਹਾਂ ਕਿ ਉਹ ਲੋਕ, ਉਹ ਮਨੁੱਖ ਮੇਰੇ ਮੀਤ ਹਨ, ਮਿੱਤਰ ਪਿਆਰੇ ਹਨ, ਭਾਈ ਬੰਧੂ ਹਨ, ਜਿਨ੍ਹਾਂ ਨੂੰ ਮੇਰਾ ਇਹ ਬੇਗਮਪੁਰਾ ਪਸੰਦ ਹੈ, ਜਿਨ੍ਹਾਂ ਨੂੰ

ਇਸ ਦੀ ਤਰਜ਼ੇ ਜ਼ਿੰਦਗੀ, ਰਹਿਣੀ ਬਹਿਣੀ ਤੇ ਕਰਨੀ ਪਸੰਦ ਹੈ। ਉਹ ਸਭ ਮੇਰੇ ਮੀਤ ਹਨ, ਮਿੱਤਰ ਹਨ, ਪਿਆਰੇ ਹਨ। ਇਸ ਲਈ ਅਸੀਂ ਗੁਰੂ ਰਵਿਦਾਸ ਦੀ ਵਿਚਾਰਧਾਰਾ ਨੂੰ ਪੜ੍ਹਨਾ ਤੇ ਸਮਝਣਾ ਹੈ ਅਤੇ ਉਸ 'ਤੇ ਪੂਰਨ ਤੌਰ 'ਤੇ ਅਮਲ ਕਰਕੇ ਜੀਵਨ ਸਫਲ ਕਰਨਾ ਹੈ। ਇਹ ਹੀ ਗੁਰੂ ਰਵਿਦਾਸ ਜੀ ਵਿਚ ਸੱਚੀ ਸ਼ਰਧਾ ਹੋਵੇਗੀ।

* * *

## ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੀ ਆਮਦ ਕਿਉਂ ਹੋਈ ?

*ਦਾਸਰਾ—ਮੱਘਰ ਸਿੰਘ ਰਿਟਾ: ਐਸ. ਆਈ., ਮੁਹੱਲਾ ਅਟਕ ਨਗਰ, ਲੁਧਿਆਣਾ*

ਅੱਜ ਤੋਂ ਕਰੀਬ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਵਿਚ ਸੁਕਰਾਤ ਨਾਂ ਦੇ ਦਾਨਸ਼ਵਰ ਹੋਏ ਹਨ, ਉਹਨਾਂ ਫੁਰਮਾਇਆ ਕਿ ਜਿਸ ਦੇਸ਼ ਵਿਚ ਜ਼ਾਲਮ ਸਮਾਜ ਹੋਏਗਾ ਉਸ ਦੇਸ਼ ਵਿਚ ਔਲੀਏ, ਪੀਰ, ਫਕੀਰ, ਗੁਰੂ, ਦਾਨਸ਼ਵਰ ਪੈਦਾ ਹੁੰਦੇ ਰਹਿਣਗੇ। ਜਿਸ ਦੇਸ਼ ਵਿਚ ਜ਼ਾਲਮ ਹਕੂਮਤ ਹੋਏਗੀ, ਉਸ ਦੇਸ਼ ਵਿਚ ਵਿਦਰੋਹੀ ਪੈਦਾ ਹੁੰਦੇ ਰਹਿਣਗੇ। ਉਸ ਸਮੇਂ ਯੂਨਾਨ ਵਿਚ ਸਮਾਜ ਵੀ ਜ਼ਾਲਮ ਸੀ ਅਤੇ ਹਕੂਮਤ ਵੀ ਜ਼ਾਲਮ ਸੀ, ਜਿਸ ਕਰਕੇ 'ਸੁਕਰਾਤ' ਦਾਨਸ਼ਵਰ ਵੀ ਸੀ ਅਤੇ ਵਿਦਰੋਹੀ ਵੀ ਸੀ।

ਉਹ ਜ਼ਾਲਮ ਹਕੂਮਤ ਅਤੇ ਸਮਾਜ ਦੇ ਖਿਲਾਫ਼ ਵਿਦਰੋਹ ਕਰਦੇ ਸਨ ਅਤੇ ਮਜ਼ਲੂਮਾਂ ਦੇ ਹੱਕ ਵਿਚ ਪ੍ਰਚਾਰ ਕਰਦੇ ਸਨ ਜਿਸ ਕਰਕੇ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਨੇ ਉਨ੍ਹਾਂ ਨੂੰ ਗਿਫਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਉਸ ਲਈ ਜ਼ਹਿਰ ਦੇ ਕੇ ਮਾਰਨ ਦੀ 'ਸਜ਼ਾਏ ਮੌਤ' ਮੁਕੱਰਰ ਕਰ ਦਿੱਤੀ।

ਸੁਕਰਾਤ ਦਾਨਸ਼ਵਰ ਦੇ ਪੈਰੋਕਾਰਾਂ ਨੇ ਵਿਉਂਤਬੰਦੀ ਕੀਤੀ ਕਿ ਸੁਕਰਾਤ ਦਾਨਸ਼ਵਰ ਨੂੰ ਜੇਲ੍ਹ ਤੋਂ ਆਜ਼ਾਦ ਕਰਾਇਆ ਜਾਏ,

ਜਦੋਂ ਸੁਕਰਾਤ ਦਾਨਸ਼ਵਰ ਦੇ ਪੈਰੋਕਾਰ, ਇਸ ਸਕੀਮ ਦੇ ਤਹਿਤ, ਖੁਫੀਆ ਤੌਰ 'ਤੇ ਉਸ ਪਾਸ ਪੁੱਜੇ ਅਤੇ ਆਪਣੀ ਸਕੀਮ ਦੱਸੀ ਤਾਂ ਸੁਕਰਾਤ ਦਾਨਸ਼ਵਰ ਨੇ ਇਸ ਸਕੀਮ ਨੂੰ ਠੁਕਰਾ ਦਿੱਤਾ ਅਤੇ ਕਿਹਾ ਕਿ

"ਜੇ ਮੈਂ ਆਪਣੀ ਜਾਨ ਬਚਾ ਕੇ ਜੇਲ੍ਹ ਤੋਂ ਚਲਿਆ ਗਿਆ ਤਾਂ ਸਚਾਈ ਦੀ ਮੌਤ ਹੋ ਜਾਏਗੀ।"

ਇਸ ਤਰ੍ਹਾਂ ਸੁਕਰਾਤ ਦਾਨਸ਼ਵਰ ਨੇ ਸੱਚਾਈ ਨੂੰ ਬਰਕਰਾਰ ਰੱਖਣ ਲਈ ਆਪਣੇ ਜੀਵਨ ਦੀ ਆਹੂਤੀ ਦੇ ਦਿੱਤੀ।

ਉਹਨਾਂ ਨੇ ਜ਼ਾਲਮ ਹਕੂਮਤ ਅਤੇ ਲਹੂ ਚੂਸ ਸਮਾਜੀ ਅਤੇ ਸਿਆਸੀ, ਸਰਮਾਏਦਾਰਾਂ ਦੀਆਂ ਕਾਲੀਆਂ ਕਰਤੂਤਾਂ ਦੇ ਵਿਰੁੱਧ ਝੰਡਾ ਖੜ੍ਹਾ ਕੀਤਾ।

ਸੁਆਸ ਤਿਆਗਣ ਤੋਂ ਪਹਿਲਾਂ, ਉਹ ਯਾਦਗਾਰੀ ਬੋਲ, ਬੋਲ ਗਾਏ "ਕਿਸੇ ਖਿਲਾਫ ਕੋਈ ਗਿਲ੍ਹਾ ਨਹੀਂ, ਮੇਰਾ ਵੇਲਾ ਜਾਣ ਦਾ ਹੈ।

ਤੁਹਾਡਾ ਵੇਲਾ ਜਿਊਣ ਦਾ ਹੈ, ਫਲਸਤੀਨ ਦੇਸ਼ ਦੇ ਇਸੇ ਤਰ੍ਹਾਂ ਅੱਜ ਤੋਂ ਦੋ ਹਜ਼ਾਰ ਤਿੰਨ ਸਾਲ ਪਹਿਲਾਂ ਸ਼ਹਿਰ ਬੈਤਲ-ਗਾਮ ਵਿਚ, ਮਾਤਾ ਮਰੀਅਮ ਦੇ ਉਦਰ ਚੋਂ, ਹਜ਼ਰਤ ਯਸੂਹ-ਮਸੀਹ ਪੈਦਾ ਹੋਏ ਸਨ, ਉਹਨਾਂ ਨੇ ਆਪਣੀ ਭਰ ਜੁਆਨੀ ਵਿਚ ਇਨਸਾਨੀਅਤ ਦਾ ਘਾਣ ਹੁੰਦਾ ਤੱਕਿਆ, ਮੰਡੀਆਂ ਵਿਚ ਮਰਦ ਤੇ ਇਸਤ੍ਰੀਆਂ ਪਸ਼ੂਆਂ ਦੀ ਤਰ੍ਹਾਂ ਵਿਕਦੀਆਂ ਤੱਕੀਆਂ, ਮਰਦਾਂ ਨੂੰ ਭਜਾ ਕੇ ਦੇਖਿਆ ਜਾਂਦਾ ਸੀ। ਉਨ੍ਹਾਂ ਦੀਆਂ ਪਿੰਜਣੀਆਂ ਤੇ ਛਾਂਟੇ ਮਾਰੇ ਜਾਂਦੇ ਸਨ ਤਾਂ ਕਿ ਤੇਜ਼ ਦੌੜਾ ਕੇ ਉਹਨਾਂ ਦੀ ਕੀਮਤ ਵੱਧ ਹਾਸਲ ਕੀਤੀ ਜਾਏ, ਜਿਸ ਤਰ੍ਹਾਂ ਅੱਜਕੱਲ੍ਹ ਮੰਡੀਆਂ ਵਿਚ ਬਲਦਾਂ

ਨੂੰ ਦੂੜਾਉਣ ਸਮੇਂ ਛਾਂਟੇ ਮਾਰੇ ਜਾਂਦੇ ਹਨ।

ਇਸ ਦੁਖਦਾਈ ਘਟਨਾ ਦਾ ਹਜ਼ਰਤ ਯਸੂ ਮਸੀਹ 'ਤੇ ਗਹਿਰਾ ਅਸਰ ਹੋਇਆ, ਜਿਸ ਕਰਕੇ ਉਨ੍ਹਾਂ ਨੇ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਦੇ ਖਿਲਾਫ ਵਿਦਰੋਹ ਕੀਤਾ, ਜਿਸ ਕਰਕੇ ਜ਼ਾਲਮ ਹਕੂਮਤ ਅਤੇ ਜ਼ਾਲਮ ਸਮਾਜ ਨੇ ਉਹਨਾਂ ਨੂੰ ਸਲੀਬ 'ਤੇ ਟੰਗ ਕੇ ਅਤੇ ਕਿੱਲਾਂ ਠੋਕ ਕੇ ਅੱਤ ਦਰਜੇ ਦੇ ਤਸੀਹੇ ਦੇ ਕੇ ਉਹਨਾਂ ਨੂੰ ਸ਼ਹੀਦ ਕੀਤਾ ਗਿਆ।

ਉਹਨਾਂ ਨੇ ਪ੍ਰਾਣ ਤਿਆਗਣ ਸਮੇਂ ਪ੍ਰਮਾਤਮਾ ਅੱਗੇ ਫਰਿਆਦ ਕੀਤੀ ਕਿ "ਪ੍ਰਮਾਤਮਾ! ਸੂਲੀ ਦੇਣ ਵਾਲਿਆਂ ਨੂੰ ਮੁਆਫ ਕਰ ਦੇ, ਉਹ ਅਨਜਾਣ ਹਨ, ਉਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਹਨ।

ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ 570 ਈ. ਵਿਚ ਪੈਦਾ ਹੋਏ ਅਤੇ 632 ਈ. ਵਿਚ 62 ਸਾਲ ਦੀ ਉਮਰ ਵਿਚ ਰੁਹਲਤ ਫਰਮਾ ਗਏ ਭਾਵ ਇਸ ਦੁਨੀਆਂ ਨੂੰ ਤਿਆਗ ਕੇ ਵਾਪਿਸ ਖੁਦਾ ਪਾਸ ਪਹੁੰਚ ਗਏ।

ਅੱਜ ਤੋਂ 1433 ਸਾਲ ਪਹਿਲਾਂ ਅਰਬ ਦੇਸ਼ ਵੀ ਕੁਰੈਸ਼ਾਂ ਦਾ ਜ਼ਾਲਮ ਸਮਾਜ ਸੀ, ਜੋ ਗੁਲਾਮਾਂ ਅਤੇ ਇਸਤ੍ਰੀਆਂ 'ਤੇ ਜ਼ੁਲਮ ਕਰਦੇ ਸਨ, ਮਾਸੂਮ ਬੱਚੀਆਂ ਨੂੰ ਜ਼ਿੰਦਾ ਦਫਨਾਇਆ ਜਾਂਦਾ ਸੀ। "ਇਥੇ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਮਨੂੰਵਾਦੀ ਵੀ, ਇਸਤ੍ਰੀ ਜ਼ਾਤੀ ਨੂੰ ਸ਼ੂਦਰ ਹੀ ਸਮਝਦੇ ਹਨ, ਚਾਹੇ ਉਹ ਬ੍ਰਾਹਮਣੀ ਹੀ ਕਿਉਂ ਨਾ ਹੋਵੇ, ਜਿਸ ਕਰਕੇ ਕੁਰੈਸ਼ਾਂ ਦੀ ਤਰ੍ਹਾਂ ਇਹ ਵੀ ਇਸਤ੍ਰੀ ਜਾਤੀ ਅਤੇ ਸ਼ੂਦਰਾਂ 'ਤੇ ਜ਼ੁਲਮ ਕਰਦੇ ਸਨ ਅਤੇ ਕਰਦੇ ਹਨ, ਜਿਸ ਤਰ੍ਹਾਂ ਉਹਨਾਂ ਦੇ ਧਾਰਮਿਕ ਸ਼ਾਸਤਰ ਹਦਾਇਤ ਕਰਦੇ ਹਨ, ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਮਨੂੰਵਾਦੀ ਵੀ ਕੁਰੈਸ਼ਾਂ ਦੀ ਹੀ ਨਸਲ ਹੈ, ਇਸ ਦੀ ਵਿਸ਼ਥਾਰ ਰੂਪ ਵਿਚ, ਪੰਡਿਤ ਜਵਾਹਰ ਲਾਲ ਨਹਿਰੂ ਦੀ "ਰੀਕਵਰੀ ਆਫ਼ ਇੰਡੀਆ ਪੜ੍ਹਨ" 'ਤੇ ਜਾਣਕਾਰੀ ਮਿਲਦੀ ਹੈ।

ਆਫਤਾਬੇ ਆਲਮ ਜਿਸਦਾ ਭਾਵ ਹੈ "ਦੁਨੀਆਂ ਦਾ ਸੂਰਜ" ਵਿਚ ਦਰਜ ਹੈ ਕਿ ਇਕ ਕੁਰੈਸ਼ਾਂ ਦਾ ਆਗੂ ਮੱਕੇ ਵਿਚ ਜਿਥੇ ਬੁੱਤ ਪ੍ਰਸਤ ਹੁੰਦੀ ਸੀ, ਇਸ ਵਿਚ ਕਰੀਬ 365 ਬੁੱਤ ਸਥਾਪਤ ਸਨ, ਕੁਰੈਸ਼ਾਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਕੁਰੈਸ਼ਾਂ ਉਤੇ ਇਕ ਜ਼ਬਰਦਸਤ ਮੁਸੀਬਤ ਨਾਜ਼ਲ ਹੋਣ ਵਾਲੀ ਹੈ, ਉਹ ਤਦੇ ਦੂਰ ਕੀਤੀ ਜਾ ਸਕਦੀ ਹੈ, ਜਿਸਨੇ ਪਹਿਲਾਂ ਆਪਣੀਆਂ 6 ਲੜਕੀਆਂ ਨੂੰ ਜ਼ਿੰਦਾ ਦਫਨਾਇਆ ਹੋਵੇ ਅਤੇ ਸੱਤਵੀਂ ਲੜਕੀ ਨੂੰ ਜ਼ਿੰਦਾ ਦਫਨਾਏ।

ਤਦ ਉਸ ਇਕੱਠ ਵਿਚੋਂ ਉਠ ਕੇ ਇਕ ਕੁਰੈਸ਼ ਨੇ ਕਿਹਾ ਕਿ ਮੈਂ ਇਸ ਤੋਂ ਪਹਿਲਾਂ ਆਪਣੀਆਂ 6 ਲੜਕੀਆਂ ਨੂੰ ਜ਼ਿੰਦਾ ਦਫਨਾ ਚੁੱਕਾ ਹਾਂ, ਪਰਸੋਂ ਨੂੰ ਮੇਰੀ ਇਕ ਲੜਕੀ ਸੱਤ ਸਾਲ ਦੀ ਹੋ ਜਾਏਗੀ, ਮੈਂ ਉਸ ਨੂੰ ਜ਼ਿੰਦਾ ਦਫਨਾ ਦਿਆਂਗਾ ਤਾਂ ਕਿ ਆਉਣ ਵਾਲੀ ਮੁਸੀਬਤ ਤੋਂ ਕੁਰੈਸ਼ਾਂ ਨੂੰ ਬਚਾਇਆ ਜਾ ਸਕੇ।

ਇਥੇ ਇਹ ਵੀ ਨੋਟ ਕਰਨ ਵਾਲੀ ਗੱਲ ਹੈ, ਸਾਡੇ ਦੇਸ਼ ਦੇ ਮਨੂੰਵਾਦੀ ਵੀ ਅਜਿਹੀਆਂ ਇਖਲਾਕ ਸੋਜ਼ ਹਰਕਤਾਂ ਦੇ ਪੈਰੋਕਾਰ ਹਨ, ਪਿਛਲੇ ਅਖਬਾਰਾਂ ਵਿਚ ਚਰਚਾ ਹੁੰਦੀ ਰਹੀ ਹੈ ਕਿ ਇਕ ਮਨੂੰਵਾਦੀ ਨੇ ਆਪਣੀ ਮੁਸੀਬਤ ਨੂੰ ਟਾਲਣ ਲਈ ਆਪਣੀ ਲੜਕੀ ਦੀ ਸ਼ਾਦੀ ਕੁੱਤੇ ਨਾਲ ਕੀਤੀ ਸੀ।

ਪਿਛਲੇ 3-4 ਦਹਾਕਿਆਂ ਦੀ ਗੱਲ ਹੈ ਕਿ ਰਾਜਸਥਾਨ ਵਿਚ ਔੜ ਨੂੰ ਟਾਲਣ ਲਈ ਅਤੇ ਇੰਦਰ ਦੇਵਤਾ ਨੂੰ ਖੁਸ਼ ਕਰਨ ਲਈ, ਉਥੋਂ ਦੇ ਮੁੱਖ ਮੰਤਰੀ ਨੇ 22 ਕਿਲੋ ਪਾਰੇ ਦਾ ਸ਼ਿਵਲਿੰਗ ਬਣਾ ਕੇ ਉਸਦੀ ਪੂਜਾ ਕੀਤੀ ਸੀ ਤਾਂ ਕਿ ਇੰਦਰ ਦੇਵਤਾ ਨੂੰ ਖੁਸ਼ ਕੀਤਾ ਜਾਏ, ਪਰ ਇੰਦਰ ਦੇਵਤਾ ਖੁਸ਼ ਨਹੀਂ ਸੀ ਹੋਇਆ, ਦਰਅਸਲ ਉਸ ਸਮੇਂ ਦੇ ਮੁੱਖ ਮੰਤਰੀ ਨੂੰ ਇੰਦਰ ਦੇਵਤਾ ਜੀ ਦੀ ਖੁਸ਼ੀ ਹਾਸਲ ਕਰਨ ਦਾ ਸਹੀ ਬਿਓਰਾ ਭੁੱਲ ਗਿਆ ਸੀ, ਉਹਨਾਂ ਨੂੰ ਪਤੀ ਬਰਤਾ ਅਹੱਲਿਆ ਜਾਂ ਪ੍ਰਸਥਾਨ ਨਾਮੀ ਰਾਵੀ ਦੇ ਉਪਰਾਲੇ ਕਰਨੇ ਚਾਹੀਦੇ ਸਨ, ਤਾਂ ਕਿ ਇੰਦਰ ਦੇਵਤਾ ਨੂੰ ਖੁਸ਼ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਵੇਦਾਂ ਵਿਚ ਥਾਂ ਥਾਂ 'ਤੇ ਗਊ ਮੇਧ ਯੱਗ, ਹਸਤ ਯੱਗ, ਅਸਸ ਯੱਗ, ਨਰ ਮੇਧ ਯੱਗ ਦਾ ਜ਼ਿਕਰ ਹੈ, ਅੱਜਕੱਲ੍ਹ ਵੀ ਕਿਸੇ ਨਾ ਕਿਸੇ ਮਾਸੂਮ ਬੱਚੇ ਦੀ ਬਲੀ ਦੇਣ ਦੀ ਦੁਰਘਟਨਾ ਦਾ ਜ਼ਿਕਰ, ਅਕਸਰ ਅਖਬਾਰਾਂ ਵਿਚ ਹੁੰਦਾ ਰਹਿੰਦਾ ਹੈ।

ਪਿਛਲੇ ਕਈ ਸਾਲਾਂ ਦੀ ਗੱਲ ਹੈ ਕਿ ਨਿਪਾਲ-ਭੂਟਾਨ ਦਾ ਰਾਜ ਕੁਮਾਰ ਜਿਸ ਲੜਕੀ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ, ਤਦ ਉਹਨਾਂ ਦੇ ਖਾਨਦਾਨੀ ਬ੍ਰਾਹਮਣ ਨੇ ਟੇਵਾ ਲਾ ਕੇ ਇਹ ਸਲਾਹ ਦਿੱਤੀ ਸੀ ਕਿ "ਰਾਜ ਕੁਮਾਰ ਦਾ ਆਪਣੀ ਪਸੰਦ ਕੀਤੀ ਲੜਕੀ ਨਾਲ ਸ਼ਾਦੀ ਕਰਨਾ ਸਾਰੇ ਪਰਿਵਾਰ ਲਈ ਹਾਨੀਕਾਰਕ ਸਿੱਧ ਹੋਵੇਗਾ", ਤਦ ਉਸ ਰਾਜ ਕੁਮਾਰ ਨੇ ਸਾਰੇ ਪਰਿਵਾਰ ਨੂੰ ਇਸੇ ਦੁਖੋਂ, ਸਣੇ ਬ੍ਰਾਹਮਣ ਖਤਮ ਕਰ ਦਿੱਤਾ ਸੀ ਅਤੇ ਆਪ ਵੀ ਖੁਦਕੁਸ਼ੀ ਕਰ ਲਈ ਸੀ, ਭਾਵ ਸਮੁੱਚਾ ਖਾਨਦਾਨ ਹੀ ਖਤਮ ਹੋ ਗਿਆ ਸੀ।

ਇਹ ਕੁਝ ਲਾਈਨਾਂ ਇਸ ਲਈ ਲਿਖੀਆਂ ਗਈਆਂ ਹਨ ਕਿ ਸਾਡੇ ਦੇਸ਼ ਦੇ ਮਨੂੰਵਾਦੀ ਕੁਰੈਸ਼ਾਂ ਦੀ ਨਸਲ ਵਿਚੋਂ ਹੀ ਹਨ। ਹੁਣ ਫੇਰ ਕੁਰੈਸ਼ਾਂ ਦੀ ਕਹਾਣੀ ਸ਼ੁਰੂ ਹੁੰਦੀ ਹੈ।

"ਤੀਸਰੇ ਦਿਨ ਜਦੋਂ ਉਸ ਕੁਰੈਸ਼ ਦੀ ਲੜਕੀ ਸੱਤ ਸਾਲ ਦੀ ਹੋ ਗਈ, ਉਸ ਨੂੰ ਨਹਾ ਕੇ ਸ਼ਿੰਗਾਰ ਕੇ ਢੋਲ-ਢਮੱਕੇ ਨਾਲ ਕਬਰਸਤਾਨ ਲਿਜਾਇਆ ਗਿਆ, ਇਸ ਤੋਂ ਇਲਾਵਾ ਹੋਰ ਵੀ ਕਈ ਕੁਰੈਸ਼ ਇਸ ਸਮਾਗਮ ਵਿਚ ਸ਼ਾਮਿਲ ਹੋ ਕੇ ਆਪਣੀਆਂ 2-3 ਸਾਲ ਦੀਆਂ ਨੰਨੀਆਂ ਬੱਚੀਆਂ ਨੂੰ ਦਫਨਾਉਣ ਲਈ ਲੈ ਕੇ ਗਏ ਸਨ, ਉਸ ਦੇ ਹਿਸਾਬ ਨਾਲ ਕਬਰਾਂ ਪੁੱਟੀਆਂ ਜਾਂਦੀਆਂ ਸਨ, ਛੋਟੀ ਉਮਰ ਲਈ ਛੋਟੀ, ਵੱਡੀ ਉਮਰ ਵਾਲੀ ਲੜਕੀ ਦੀ ਡੂੰਘੀ ਕਬਰ ਪੁੱਟੀ ਜਾਂਦੀ ਸੀ।

ਉਹ ਸੱਤ ਸਾਲਾ ਬੱਚੀ ਦੀ ਮਾਂ ਕਬਰਸਤਾਨ ਵਿਚ ਪੁੱਜ ਕੇ ਧਾਹਾਂ ਮਾਰਦੀ ਨੂੰ ਇਕ ਟਪਰੀਵਾਸ ਨੇ ਕਿਹਾ ਕਿ ਜਦੋਂ ਕੁਰੈਸ਼ ਲੜਕੀਆਂ ਨੂੰ ਜ਼ਿੰਦਾ ਦਬਾ ਕੇ ਚਲੇ ਜਾਂਦੇ ਹਨ ਮੈਂ ਉਹਨਾਂ ਨੂੰ ਕਬਰ ਵਿਚੋਂ ਕੱਢ ਕੇ ਉਹਨਾਂ ਦੇ ਮੂੰਹ ਵਿਚ ਪਾਇਆ ਸਿੱਕਾ ਕੱਢ ਲੈਂਦਾ ਹਾਂ, ਫੇਰ ਮੁੜ ਕੇ ਉਹਨਾਂ ਨੂੰ ਉਸ ਕਬਰ ਵਿਚ ਦਫਨਾ ਦਿੰਦਾ ਹਾਂ, ਪਰ ਜਿਹੜੀ ਲੜਕੀ ਨੂੰ ਅੱਜ ਦਫਨਾ ਕੇ ਗਏ ਸਨ, ਉਸ ਲੜਕੀ ਨੂੰ ਜਦੋਂ ਮੈਂ ਕਬਰ ਵਿਚੋਂ ਕੱਢਿਆ ਸੀ ਉਹ ਜ਼ਿੰਦਾ ਸੀ, ਇਸ ਲਈ ਉਹ ਲੜਕੀ ਮੇਰੀ ਟੱਪਰੀ ਵਿਚ ਮੌਜੂਦ ਹੈ। ਇਸੇ ਸਮੇਂ ਹਜ਼ਰਤ ਮੁਹੰਮਦ ਸਾਹਿਬ ਉਥੇ ਪਹੁੰਚ ਗਏ। ਉਹਨਾਂ ਨੇ ਉਸ ਲੜਕੀ ਦੀ ਮਾਂ ਨੂੰ ਆਪਣੀ ਲੜਕੀ ਨਾਲ ਮਿਲਾਇਆ, ਉਸ ਟੱਪਰੀਵਾਸ ਨਾਲ ਭੈਣ-ਭਰਾ ਦਾ ਰਿਸ਼ਤਾ ਕਾਇਮ ਕਰਕੇ ਉਹਨਾਂ ਮਾਂ, ਧੀ ਦਾ ਉਥੇ ਰਹਿਣ ਦਾ ਬੰਦੋਬਸਤ ਕਰ ਦਿੱਤਾ। ਇਸੇ ਤਰ੍ਹਾਂ ਰਸੂਲੇ ਕਰੀਮ ਹਜ਼ਰਤ ਮੁਹੰਮਦ ਸਾਹਿਬ ਜੀ ਨੇ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਨਾਲ ਜ਼ਬਰਦਸਤ ਟੱਕਰ ਲੈ ਕੇ ਮਜ਼ਲੂਮਾਂ ਦੀ ਸਹਾਇਤਾ ਕੀਤੀ, ਇਸੇ ਦੁਖੋਂ ਕੁਰੈਸ਼ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਜਾਨੀ ਦੁਸ਼ਮਣ ਹੋ ਗਏ ਸਨ।

ਹਿੰਦੁਸਤਾਨ ਦੀ ਤਾਰੀਖ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਸ ਦੇਸ਼ ਦੇ ਆਦਿ ਵਾਸੀ (ਮੂਲ ਵਾਸੀ) ਉੱਚ ਦਰਜੇ ਦੇ ਅਮੀਰ, ਮਿਲਣਸਾਰ, ਮਹਿਮਾਨ ਨਿਵਾਜ਼, ਮਾਸੂਮ ਤਬੀਅਤ, ਪਾਕਿ ਦਾਮਨ, ਹਰ ਕਿਸਮ ਦੇ ਛਲ ਕਪਟ ਤੋਂ ਰਹਿਤ ਸਨ। ਉਹਨਾਂ ਦੇ ਬਲਦਾਂ ਦੇ ਗਲਾਂ ਵਿਚ ਸੋਨੇ ਦੀਆਂ ਟੱਲੀਆਂ ਹੁੰਦੀਆਂ ਸਨ ਤੇ ਇਸ ਦੇਸ਼ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਇਹਨਾਂ ਦੇ ਮਹਿਮਾਨ ਨਿਵਾਜ਼ੀ, ਇਮਾਨਦਾਰੀ, ਦਿਆਨਤਦਾਰੀ ਤੇ ਛਲ ਕਪਟ ਤੋਂ ਰਹਿਤ ਦਾ ਨਾਜਾਇਜ਼ ਫਾਇਦਾ ਉਠਾ ਕੇ ਆਰੀਆ ਲੋਕਾਂ ਨੇ ਜੋ ਮੱਧ ਏਸ਼ੀਆ ਮੁਖੱਤਲਿਫ ਦੇਸ਼ਾਂ ਦੀ ਖਾਕ ਛਾਣਦਿਆਂ ਭੁੱਖੇ ਮਰਦਿਆਂ ਨੇ ਜਦੋਂ ਭਾਰਤ ਦਾ ਰੁੱਖ ਕੀਤਾ ਤਦ ਇਹਨਾਂ ਨੇ ਆਪਣੀ ਛਲ ਕਪਟ ਦੀ ਨੀਤੀ ਨਾਲ ਇਥੋਂ ਦੇ ਮੂਲ ਵਾਸੀਆਂ ਦੀ ਮਾਰ-ਧਾੜ ਕਰਕੇ ਆਪਣੇ ਅਧੀਨ ਕਰਕੇ ਸਦੀਵੀ ਬੇਦਾਗ ਗੁਲਾਮ ਬਣਾ ਲਿਆ ਤੇ ਇਨ੍ਹਾਂ 'ਤੇ ਅਜਿਹੇ ਕਾਨੂੰਨ ਲਾਗੂ ਕਰ ਦਿੱਤੇ ਕਿ ਇਹ ਹਮੇਸ਼ਾ ਵਾਸਤੇ ਇਨ੍ਹਾਂ ਦੇ ਬੇਦਾਮ ਗੁਲਾਮ ਬਣੇ ਰਹਿਣ 'ਤੇ ਆਪਣਾ ਸਿਰ ਨਾ ਉਠਾ ਸਕਣ।

ਸਾਡੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਇਸ ਗੱਲ ਦੀ

ਪੁਸ਼ਟੀ ਕੀਤੀ ਹੈ। ਉਹ ਆਪਣੀ ਪੁਸਤਕ ਡਿਸਕਵਰੀ ਆਫ ਇੰਡੀਆ ਵਿਚ ਲਿਖਦੇ ਹਨ :-

"ਰਮਾਇਣ ਆਰੀਅਨ ਦੀ ਦੱਖਣੀ ਭਾਰਤ ਵੱਲ ਵਧਣ ਦੀ ਕਹਾਣੀ ਹੈ।"

"ਭਾਰਤ ਵਿਚ ਆਏ ਈਰਾਨੀ ਆਰੀਅਨ ਸੱਭਿਆਚਾਰ ਮਿਸ਼ਨ ਦੇ ਨੇਤਾ ਨੇ ਅਲਾਹਬਾਦ ਵਿਚ ਆਖਿਆ ਸੀ, "ਈਰਾਨੀ ਅਤੇ ਭਾਰਤੀ ਦੋ ਭਰਾਵਾਂ ਵਾਂਗ ਹਨ ਜਿਹੜੇ ਇਕ ਫਾਰਸੀ ਗਾਥਾ ਅਨੁਸਾਰ ਇਕ ਦੂਜੇ ਤੋਂ ਵੱਖ ਹੋ ਗਏ ਸਨ। ਇਕ ਤਾਂ ਪੂਰਬ ਵੱਲ ਤੇ ਦੂਜਾ ਪੱਛਮ ਵੱਲ। ਉਹਨਾਂ ਦੇ ਪਰਿਵਾਰਾਂ ਵਾਲੇ ਇਕ ਦੂਜੇ ਨੂੰ ਭੁੱਲ ਗਏ। ਬਾਕੀ ਸਭ ਕੁਝ ਭੁਲਾਉਣ ਤੋਂ ਬਾਅਦ ਕੇਵਲ ਜਿਹੜੀ ਇਕ ਵਸਤੂ ਉਹਨਾਂ ਕੋਲ ਬਚੀ ਸੀ, ਉਹ ਕੁਝ ਪੁਰਾਣੇ ਗੀਤਾਂ ਦੀਆਂ ਧੁਨਾਂ ਸਨ, ਜਿਹੜੀਆਂ ਇਹ ਦੋਵੇਂ ਹੁਣ ਵੀ ਆਪਣੀ ਵੰਝਲੀ ਵਿਚ ਗਾਉਂਦੇ ਹਨ....।"

ਇਹਨਾਂ ਵਿਦੇਸ਼ੀ ਮਨੂੰਵਾਦੀਆਂ ਨੇ ਭਾਰਤ ਦੇ ਮੂਲ ਲੋਕਾਂ ਨੂੰ ਅਛੂਤ ਸ਼ੂਦਰ ਕਰਾਰ ਦੇ ਕੇ ਪਿੰਡ ਤੋਂ ਬਾਹਰ ਵੱਸਣ ਦਾ ਆਦੇਸ਼ ਦਿੱਤਾ।

ਇਹ ਸ਼ੂਦਰ ਸਵੇਰੇ ਜਾਂ ਸ਼ਾਮੀ ਮਨੂੰਵਾਦੀਆਂ ਦੇ ਘਰਾਂ ਵੱਲ ਨਹੀਂ ਸਨ ਜਾ ਸਕਦੇ ਤਾਂ ਕਿ ਇਹਨਾਂ ਦਾ ਪਰਛਾਵਾਂ ਮਨੂੰਵਾਦੀਆਂ 'ਤੇ ਨਾ ਪੈ ਜਾਵੇ। ਇਹਨਾਂ ਦੇ ਗਲ ਵਿਚ ਟੱਲੀ ਪਾ ਦਿੱਤੀ ਜਾਂਦੀ ਤਾਂ ਕਿ ਜਦ ਇਹ ਤੁਰਨ ਤਾਂ ਟੱਲੀ ਵੱਜਦੀ ਰਹੇ ਤੇ ਅਖੌਤੀ ਉੱਚ ਜਾਤੀਆਂ ਨੂੰ ਪਤਾ ਲੱਗ ਜਾਏ ਕਿ ਸ਼ੂਦਰ ਆ ਰਿਹਾ ਹੈ। ਇਹਨਾਂ ਦੇ ਸਿਰ 'ਤੇ ਖੰਭ ਲਗਾਉਣ ਦਾ ਵੀ ਆਦੇਸ਼ ਸੀ ਤਾਂ ਕਿ ਦੂਰੋਂ ਹੀ ਸ਼ੂਦਰ ਦੀ ਪਹਿਚਾਣ ਹੋ ਸਕੇ। ਕਈ ਥਾਵਾਂ 'ਤੇ ਸ਼ੂਦਰ ਨੂੰ ਸਵਰਨਾਂ ਦੇ ਰਸਤੇ ਚੱਲਣ ਸਮੇਂ ਉੱਚੀ ਉੱਚੀ ਬੋਲਣਾ ਪੈਂਦਾ ਸੀ, "ਪਿਛੇ ਹਟੋ, ਪਿਛੇ ਹਟੋ।" ਇਹਨਾਂ ਦੇ ਗਲ ਵਿਚ ਕੁੱਜਾ ਲਟਕਾਉਣਾ ਜ਼ਰੂਰੀ ਸੀ। ਇਕ ਛੱਪੜ ਵਿਚੋਂ ਕੁੱਤਾ ਤੇ ਹੋਰ ਜਾਨਵਰ ਪਾਣੀ ਪੀ ਸਕਦੇ ਸਨ ਪਰ ਸ਼ੂਦਰ ਨੂੰ ਇਸ ਦੀ ਮਨਾਹੀ ਸੀ। ਇਹਨਾਂ ਨੂੰ ਪੜ੍ਹਨ ਲਿਖਣ ਤੇ ਰੱਬ ਦਾ ਨਾਂ ਲੈਣ ਦੀ ਮਨਾਹੀ ਸੀ। ਉਲੰਘਣਾ ਕਰਕੇ ਇਹਨਾਂ ਦੀ ਜੀਭ ਕੱਟ ਦਿੱਤੀ ਜਾਂਦੀ ਸੀ। ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਇਤਨੇ ਘਿਨਾਉਣੇ ਜ਼ੁਰਮ ਹੁੰਦੇ ਸਨ ਕਿ ਜੇਕਰ ਲਿਖੀਏ ਤਾਂ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਪ੍ਰਮਾਤਮਾ ਦੀ ਤਾਂ ਕਿਤੇ ਗੱਲ ਹੀ ਨਹੀਂ ਸੀ ਹੋ ਰਹੀ, ਇਹ ਮਨੂੰਵਾਦੀ ਲੋਕ ਹੀ ਰੱਬ ਬਣੀ ਬੈਠੇ ਸਨ। ਇਹਨਾਂ ਮਨੂੰਵਾਦੀ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਪਾਰਬ੍ਰਹਮ ਪ੍ਰਮਾਤਮਾ ਨੇ ਗੁਰੂ ਰਵਿਦਾਸ ਜੀ ਨੂੰ ਇਕ ਨਵੀਂ ਸਮਾਜਿਕ ਬਰਾਬਰਤਾ ਵਾਲੀ, ਵਿਸ਼ਵ ਧਰਮ "ਬੇਗਮਪੁਰਾ ਸਹਰ ਕੋ ਨਾਉ" ਦੀ ਵਿਚਾਰਧਾਰਾ ਨਾਲ ਲੈਸ ਕਰਕੇ ਦੁਨੀਆਂ 'ਤੇ ਭੇਜਿਆ। ਗੁਰੂ ਜੀ ਨੇ ਸੰਸਾਰ 'ਤੇ ਆ ਕੇ ਇਹਨਾਂ ਦੱਬੇ ਕੁਚਲੇ ਲੋਕਾਂ ਦੀ ਬਰਾਬਰਤਾ ਲਈ ਸੰਘਰਸ਼ ਦਾ ਬਿਗਲ ਵਜਾ ਦਿੱਤਾ ਤੇ ਸੰਸਾਰ ਵਿਚ ਬੇਗਮਪੁਰਾ ਵਸਾਉਣ ਦਾ ਸੰਦੇਸ਼ ਦਿੱਤਾ ਅਤੇ ਫੁਰਮਾਨ ਜਾਰੀ ਕੀਤੇ ਕਿ :-

- ਸਭ ਮਨੁੱਖ ਬਰਾਬਰ ਹਨ, ਕੋਈ ਊਚ ਨੀਚ ਨਹੀਂ ਹੈ।
- ਇਸ ਦੁਨੀਆਂ ਨੂੰ ਚਲਾਉਣ ਵਾਲਾ ਕੇਵਲ ਤੇ ਕੇਵਲ ਇਕ ਪਾਰਬ੍ਰਹਮ ਪ੍ਰਮਾਤਮਾ ਹੈ, ਜਿਹੜਾ ਇਸ ਸ੍ਰਿਸ਼ਟੀ ਨੂੰ ਸਾਜ ਕੇ ਇਸ ਦੇ ਕਣ-ਕਣ ਵਿਚ ਵੱਸ ਰਿਹਾ ਹੈ।
- ਪ੍ਰਮਾਤਮਾ ਹੱਥ ਤੋਂ ਵੀ ਨੇੜੇ ਹੈ ਉਹ ਕੋਈ ਦੂਰ ਨਹੀਂ ਵੱਸ ਰਿਹਾ।
- ਪ੍ਰਭੂ ਨੂੰ ਪਾਉਣ ਵਾਸਤੇ ਧੂਪ, ਦੀਵੇ, ਆਰਤੀਆਂ, ਫੁੱਲ, ਚੰਦਨ, ਪ੍ਰਸਾਦਿ ਆਦਿ ਅਡੰਬਰ ਸਜਾਉਣ ਦੀ ਲੋੜ ਨਹੀਂ। ਕੇਵਲ ਉਸ ਦੀ ਵਿਚਾਰਧਾਰਾ 'ਤੇ ਚਲਦਿਆਂ ਉਸ ਦੇ ਨਾਮ 'ਸਤਿਨਾਮੁ' ਨੂੰ ਸੁਆਸ-ਸੁਆਸ ਜਪਣ ਨਾਲ ਹੀ ਪਾਇਆ ਜਾ ਸਕਦਾ ਹੈ।
- ਜੋ ਮਨੁੱਖ ਉਸ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ (ਅਖੌਤੀ ਭਗਵਾਨ ਜਾਂ ਦੇਵੀ ਦੇਵਤੇ ਆਦਿ) ਤੋਂ ਮੁਕਤੀ ਦੀ ਆਸ ਰੱਖਦਾ ਹੈ ਉਹ ਸਿੱਧਾ ਨਰਕਾਂ ਨੂੰ ਜਾਵੇਗਾ, ਭਾਵ ਮੁਕਤ ਨਹੀਂ ਹੋ ਸਕੇਗਾ।
- ਮਨੁੱਖਾ ਜਨਮ ਬੜਾ ਦੁਰਲਭ ਹੈ ਇਸ ਕਰਕੇ ਪ੍ਰਭੂ ਦੀ ਵਿਚਾਰਧਾਰਾ ਦੀ ਹੀ ਸੰਗਤ ਕਰਨੀ

ਚਾਹੀਦੀ ਹੈ।

- ਸਾਨੂੰ ਕਈ ਜਨਮ ਪ੍ਰਭੂ ਤੋਂ ਵਿਛੜਿਆਂ ਬੀਤ ਗਏ ਹਨ। ਸਾਨੂੰ ਹੁਣ ਇਹ ਜਨਮ ਪ੍ਰਭੂ ਦੇ, ਕੌਮ ਦੇ ਲੇਖੇ ਲਾ ਦੇਣਾ ਚਾਹੀਦਾ ਹੈ।

ਜਦੋਂ ਗੁਰੂ ਰਵਿਦਾਸ ਜੀ ਦੇ ਪੂਜਕਾਂ ਨੇ ਜਗਤ ਗੁਰੂ ਰਵਿਦਾਸ ਜੀ ਦੇ ਫ਼ੁਰਮਾਨਾਂ 'ਤੇ ਅਮਲ ਦਰਾਮਦ ਕਰ ਲਿਆ ਤਾਂ ਇਹ ਦੇਸ਼ ਮੁੜ ਸੋਨੇ ਦੀ ਚਿੜੀ ਬਣ ਜਾਵੇਗਾ। ਛੂਤ-ਛਾਤ, ਛਲ-ਕਪਟ, ਵਹਿਮ-ਭਰਮ, ਅੰਧ-ਵਿਸ਼ਵਾਸ, ਗਰੀਬੀ, ਭੁਖਮਰੀ, ਅਸਮਾਨਤਾ, ਬਦਮਾਸ਼ੀ, ਠੱਗੀ-ਠੋਗੀ, ਬੇਈਮਾਨੀ ਅਤੇ ਨਸ਼ਾਖੋਰੀ ਆਦਿ ਸਾਰੀਆਂ ਸਮਾਜਿਕ ਬੁਰਾਈਆਂ ਖੰਭ ਲਗਾ ਕੇ ਉੱਡ ਜਾਣਗੀਆਂ। ਤਦ ਇਸ ਦੇਸ਼ ਦੇ ਵਸਨੀਕ ਗ੍ਰਹਿ ਮੰਡਲਾਂ ਦੀਆਂ ਉਡਾਰੀਆਂ ਲਾ ਕੇ ਉਥੋਂ ਦੇ ਵਸਨੀਕਾਂ ਨਾਲ ਪਿਆਰ ਦੀਆਂ ਪੀਂਘਾਂ ਪਾਉਣਗੇ।

* * *

## ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ

ਅਕਸਰ ਗੁਰੂ ਰਵਿਦਾਸ ਗੁਰੂ ਘਰਾਂ, ਮੰਦਰਾਂ ਵਿਚ ਨਿਸ਼ਾਨ ਸਾਹਿਬ ਦਾ ਚੋਲਾ (ਕੱਪੜਾ) ਅਲੱਗ-ਅਲੱਗ ਰੰਗਾਂ ਦਾ ਪਹਿਨਾਇਆ ਜਾਂਦਾ ਹੈ। ਕਿਸੇ ਗੁਰੂ ਘਰ ਵਿਚ ਭਗਵਾਂ, ਕੇਸਰੀ, ਲਾਲ, ਮਜੀਠੀ ਜਾਂ ਹੋਰ ਰੰਗ, ਜੋ ਕਿ ਠੀਕ ਨਹੀਂ। ਉਪਰੋਕਤ ਸਾਰੇ ਗੁਰੂ ਘਰਾਂ ਵਿਚ ਇਕ ਰੰਗ ਦਾ ਚੋਲਾ ਹੋਣਾ ਅਤੀ ਜ਼ਰੂਰੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਸ ਰੰਗ ਦਾ ਚੋਲਾ ਪਹਿਨਾਉਣਾ ਚਾਹੀਦਾ ਹੈ? ਸਾਡੀ ਸਭਾ ਨੇ ਇਸ ਦੀ ਖੋਜ ਕੀਤੀ ਅਤੇ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਗੁਰੂ ਰਵਿਦਾਸ ਗੁਰੂ ਘਰਾਂ ਜਾਂ ਦਲਿਤ ਕੌਮ ਨਾਲ ਸਬੰਧਿਤ ਗੁਰਮਤਿ ਵਿਚਾਰਧਾਰਾ ਵਾਲੇ ਅਸਥਾਨਾਂ 'ਤੇ ਮਜੀਠ ਰੰਗ ਦਾ ਨਿਸ਼ਾਨ ਸਾਹਿਬ ਦਾ ਚੋਲਾ ਪਹਿਨਾਉਣਾ ਚਾਹੀਦਾ ਹੈ। ਕਾਰਨ ਇਹ ਕਿ ਗੁਰੂ ਰਵਿਦਾਸ ਜੀ ਅਨੁਸਾਰ ਮਜੀਠ ਰੰਗ ਪ੍ਰਭੂ ਦਾ ਰੰਗ ਹੈ, ਪੱਕਾ ਰੰਗ ਭਾਵ ਸਦੀਵੀ ਰੰਗ ਹੈ। ਇਸ ਕਰਕੇ ਗੁਰੂ ਰਵਿਦਾਸ ਪ੍ਰਭੂ ਦੇ ਰੰਗ ਦੀ ਉਪਮਾ ਮਜੀਠ ਰੰਗ ਨਾਲ ਕਰਦੇ ਹੋਏ ਫ਼ੁਰਮਾਨ ਕਰਦੇ ਹਨ—

**ਜੈਸਾ ਰੰਗੁ ਕਸੁੰਭ ਕਾ, ਤੈਸਾ ਇਹ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੩੪੫)*

ਮਜੀਠ ਦੇ ਰੰਗ ਦੀ ਪ੍ਰਮਾਣਿਕਤਾ ਇਹ ਵੀ ਹੈ ਕਿ ਸੰਸਾਰ ਦੇ ਬਹੁਤ ਸਾਰੇ ਗੁਰੂ ਘਰਾਂ, ਮੰਦਰਾਂ ਵਿਚ ਮਜੀਠ ਦੇ ਰੰਗ ਦਾ ਹੀ ਨਿਸ਼ਾਨ ਸਾਹਿਬ ਚੜ੍ਹਾਇਆ ਜਾਂਦਾ ਹੈ। ਦਲਿਤਾਂ ਦੀ ਬਹੁਤ ਪੁਰਾਣੀ ਸੰਸਥਾ 'ਆਦਿ ਧਰਮ ਮੰਡਲ' ਨੇ 29 ਅਕਤੂਬਰ 1930 ਈ: ਨੂੰ ਮਜੀਠ ਦਾ ਰੰਗ ਹੀ ਸਰਕਾਰ ਪਾਸੋਂ ਰਜਿਸਟਰਡ ਕਰਵਾਇਆ ਸੀ। ਇਸ ਤਰ੍ਹਾਂ ਦੇਸ਼ ਵਿਦੇਸ਼ ਦੀਆਂ ਕਈ ਹੋਰ ਸੰਸਥਾਵਾਂ ਮਜੀਠ ਦੇ ਰੰਗ ਨੂੰ ਹੀ ਪ੍ਰਮਾਣਿਤ ਕਰਦੀਆਂ ਹਨ।

ਸੋ ਅੰਤ ਉਹ ਕਿਹੜਾ ਰੰਗ ਹੈ ਜੋ ਦਲਿਤ ਕੌਮ ਦੇ ਰੰਗ ਵਜੋਂ ਮੰਨਿਆ ਜਾਵੇ। ਨਤੀਜਾ ਇਹੀ ਨਿਕਲਦਾ ਹੈ ਕਿ ਮਜੀਠ ਦਾ ਰੰਗ ਹੀ ਦਲਿਤ ਕੌਮ ਦਾ ਰੰਗ ਹੋ ਸਕਦਾ ਹੈ। ਸੋ ਸਾਡੀ ਦਲਿਤ ਕੌਮ ਨੂੰ ਅਪੀਲ ਹੈ ਕਿ ਉਹ ਆਪਣੇ ਗੁਰੂ ਘਰਾਂ ਵਿਚ ਮਜੀਠ ਰੰਗ ਦਾ ਹੀ ਨਿਸ਼ਾਨ ਸਾਹਿਬ ਚੜ੍ਹਾਉਣ। ਗੁਰੂ ਰਵਿਦਾਸ ਮਿਸ਼ਨ ਦੇ ਬੈਨਰ ਮਜੀਠ ਰੰਗ ਦੇ ਹੋਣ। ਸਿਰ ਢਕਣ ਲਈ ਮਜੀਠ ਰੰਗ ਦੇ ਦੁਪੱਟੇ, ਪੱਗਾਂ, ਬੈਨਰ ਜਾਂ ਪਰਨੇ ਲਏ ਜਾਣ ਅਤੇ ਮਜੀਠ ਰੰਗ ਦਾ ਪੂਰਾ ਸਤਿਕਾਰ ਕੀਤਾ ਜਾਵੇ।

ਨੋਟ—ਮਜੀਠ ਰੰਗ ਲਾਲ, ਕਾਲਾ ਤੇ ਲਾਖਾ ਦਾ ਮਿਲਿਆ ਜੁਲਿਆ ਰੰਗ ਹੁੰਦਾ ਹੈ।

ਟਾਈਪ ਸੈਟਿੰਗ—ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ—2203346
ਛਾਪਕ—ਪਰਿਵਰਤਨ ਪ੍ਰੈਸ, ਜਲੰਧਰ।

# ਧਰਮ ਪ੍ਰਚਾਰ ਦੇ ਕੁੰਭ ਵਿਚ ਹਿੱਸਾ ਪਾਉਣ ਵਾਲੇ ਦਾਨੀ ਸੱਜਣ

ਪਿਛਲੇ ਸਾਲ ਦਾ ਟ੍ਰੈਕਟ ਨੰ: 10 'ਐਸੀ ਦਸਾ ਹਮਾਰੀ' ਦੇਸ਼ਾਂ-ਵਿਦੇਸ਼ਾਂ ਵਿਚ ਗਿਆ। ਜਿੱਥੋਂ ਸਾਨੂੰ ਭਰਵਾਂ ਹੁੰਗਾਰਾ ਮਿਲਿਆ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) ਕਿਰਤੀ ਕਾਮਿਆਂ ਦੀ ਸੰਸਥਾ ਹੈ। ਸਾਰੇ ਮੈਂਬਰ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਹਨ। ਆਪਣੀ ਕਮਾਈ ਦੇ ਦਸਵੰਧ ਵਿਚੋਂ ਸੇਵਾ ਵਿਚ ਯੋਗਦਾਨ ਪਾਉਂਦੇ ਹਨ। ਮਹਿੰਦਰ ਸੰਧੂ ਮਹੇੜੂ ਦੇ ਸਹਿਯੋਗ ਨਾਲ ਹੋਰ ਵੀ ਹੌਸਲਾ ਮਿਲਦਾ ਹੈ। ਇਸ ਸਾਲ ਦੇ ਟ੍ਰੈਕਟ ਨੰ: 11 'ਗੁਰੂ ਮਿਲਿਆ ਰੈਦਾਸ' ਦਾ ਸਾਰਾ ਖਰਚਾ ਯੂ. ਐਸ. ਏ. ਨਿਵਾਸੀ ਸ੍ਰੀ ਦੌਲਤ ਰਾਮ ਜੀ ਨੇ ਆਪਣੇ ਪੂਜਨੀਕ ਪਿਤਾ ਸਵਰਗੀ ਮਿਸਤਰੀ ਬੱਗੂ ਰਾਮ ਬੱਧਣ ਜੀ (ਪਿੰਡ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ, ਪੰਜਾਬ) ਦੀ ਮਿੱਠੀ ਤੇ ਪਿਆਰੀ ਯਾਦ ਵਿਚ ਆਪਣੇ ਜ਼ਿੰਮੇ ਲਿਆ ਹੈ। ਅਸੀਂ ਸ੍ਰੀ ਦੌਲਤ ਰਾਮ ਜੀ, ਸ੍ਰੀ ਨਸੀਬ ਚੰਦ ਜੀ, ਕਪੂਰ ਪਿੰਡ ਜਲੰਧਰ, ਸ੍ਰੀਮਤੀ ਪ੍ਰੀਤਮ ਕੌਰ ਜੀ, ਸ੍ਰੀਮਤੀ ਆਸ਼ਾ ਕੁਮਾਰੀ ਜੀ, ਬਲਬੀਰ ਕੌਰ ਸਿਆਣ ਸਰਪੰਚ ਕਪੂਰ ਪਿੰਡ, ਨਿਰਮਲ ਸਿੰਘ ਜੀ, ਸੰਤੋਖ ਸਿੰਘ ਜੀ, ਸ੍ਰੀ ਸਤਨਾਮ ਬੱਧਣ ਜੀ ਅਤੇ ਸਮੁੱਚੇ ਪਰਿਵਾਰ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਪੂਜਨੀਕ ਬਜ਼ੁਰਗਾਂ ਦੀ ਯਾਦ ਨੂੰ ਧਰਮ ਅਰਥ ਦੀ ਸੇਵਾ ਰਾਹੀਂ ਤਾਜ਼ਾ ਕੀਤਾ ਹੈ। ਸਾਨੂੰ ਖੁਸ਼ੀ ਹੈ ਕਿ ਯੂ. ਐਸ. ਏ. ਵਿਚ ਜੰਮੀ ਪਲੀ ਨਵੀਂ ਪੀੜ੍ਹੀ ਸਵਿਤਾ ਨਿਸ਼ਾ, ਰਜਨੀ ਅਤੇ ਦਵਦਾਸ ਵਰਗੇ ਬੱਚੇ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਆਪਣੇ ਵਤਨ, ਆਪਣੇ ਧਰਮ, ਆਪਣੇ ਰਹਿਬਰਾਂ ਨਾਲ ਜੁੜੇ ਹੋਏ ਹਨ। ਸਤਿਗੁਰ ਭਲੀ ਕਰੇ ਇਹ ਨਵੀਂ ਪੀੜ੍ਹੀ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨਾਲ ਜੁੜੀ ਰਹੇ।

—ਰਛਪਾਲ ਸਿੰਘ ਬੱਧਣ

# ਅਸੀਂ ਅਸਮਰੱਥ ਹਾਂ

ਸਾਡੇ ਪਾਸ ਦਿੱਲੀ ਤੋਂ ਸਰਦਾਰ ਕਰਤਾਰ ਸਿੰਘ ਗੁਲਸ਼ਨ (ਬਜ਼ੁਰਗ ਕਵੀ) ਅਤੇ ਸ੍ਰੀ ਪ੍ਰਕਾਸ਼ ਚੰਦ ਸਪੁੱਤਰ ਸ੍ਰੀ ਮਹਿੰਗਾ ਰਾਮ (ਪੰਜਾਬੀ ਕਵੀ) ਦੀਆਂ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਲਿਖੀਆਂ ਪੁਸਤਕਾਂ ਦੇ ਦੋ ਖਰੜੇ ਪੁੱਜੇ ਹਨ। ਇਹ ਦੋਵੇਂ ਪੁਸਤਕਾਂ ਬਹੁਤ ਹੀ ਮਿਹਨਤ, ਲਗਨ ਅਤੇ ਸ਼ਰਧਾ ਭਾਵਨਾ ਨਾਲ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ ਕਵਿਤਾ ਰਾਹੀਂ ਪੇਸ਼ ਕੀਤੀ ਗਈ ਹੈ। ਪਰ ਸਾਡੀ ਸੰਸਥਾ ਪਾਸ ਅਜੇ ਏਨੀ ਮਾਇਆ ਨਹੀਂ ਕਿ ਅਸੀਂ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਕੇ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਕਰ ਸਕੀਏ। ਅਸੀਂ ਅਜੇ ਇਸ ਤੋਂ ਅਸਮਰੱਥ ਹਾਂ।

# ਜ਼ਰੂਰੀ ਬੇਨਤੀਆਂ

ਸਾਡੀ ਸਭਾ ਵਲੋਂ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗੁਟਕਾ ਤੁਸੀਂ 5 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ। ਅਗਰ ਇਹੀ ਗੁਟਕੇ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣੇ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 300 ਰੁਪਏ ਭੇਟਾ ਦੇ ਕੇ 100 ਗੁਟਕੇ ਮਿਲ ਸਕਦੇ ਹਨ।

ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 150 ਰੁਪਏ ਸੈਂਕੜਾ ਦੇ ਹਿਸਾਬ ਨਾਲ ਮਿਲ ਸਕਦਾ ਹੈ।


*ਸੰਪਰਕ ਲਈ ਪਤਾ :*

**ਦਿਲਬਾਗ ਸਿੰਘ** ਦਫਤਰ ਸਕੱਤਰ, ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)

ਪਿੰਡ ਤੇ ਡਾ: ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144 201 ਫੋਨ : 0181-2725408